


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਸੋਮਵਾਰ, 14 ਅਗਸਤ 2023
ਮੁੱਖ ਸੰਪਾਦਕ - ਅਮਨ ਮਹਿਰਾ
(ਜਲੰਧਰ)

ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
15 ਅਗਸਤ ਨੂੰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਜਾ ਰਿਹਾ ਹੈ, ਇਸ ਵਿੱਚ ਆਪਣਾ ਸਪਲੀਮੈਂਟ (ਐਡ) ਲਗਵਾਉਣ ਲਈ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।
0181-2211009

R.N.I. Punpun/29016/2008 ✲ ਸਾਲ : 15 ✲ ਅੰਕ : 158 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਫਗਵਾੜਾ ਪੁਲਸ ਨੂੰ ਮਿਲੀ ਵੱਡੀ ਸਫ਼ਲਤਾ

# 4 ਗੈਂਗਸਟਰਾਂ ਨੂੰ ਕੀਤਾ ਗ੍ਰਿਫ਼ਤਾਰ

• ਫਗਵਾੜਾ

ਫਗਵਾੜਾ ਪੁਲਸ ਨੇ ਸ਼ਾਤਿਰ ਲੁਟੇਰੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਚਾਰ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਐੱਸ.ਪੀ.ਫਗਵਾੜਾ ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਨੇ ਸੋਨੀਆ ਕੌਰ ਪੁੱਤਰੀ ਸਰਿੰਦਰ ਸਿੰਘ ਵਾਸੀ ਪਿੰਡ ਰਾਵਲਪਿੰਡੀ, ਪ੍ਰਭਦੀਪ ਸੀਮਕ ਉਰਫ ਕੱਪਲ ਪੁੱਤਰ ਸਰਿੰਦਰ ਸਿੰਘ ਵਾਸੀ ਪਿੰਡ ਰਾਵਲਪਿੰਡੀ, ਹਿੰਮਤ ਸਿੰਘ ਉਰਫ ਕਾਲੀ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਰਾਵਲਪਿੰਡੀ ਅਤੇ ਕਰਨ ਕੁਮਾਰ ਉਰਫ ਬਿੱਲਾ ਪੁੱਤਰ ਸ਼ਤਰੂਘਨ ਵਾਸੀ ਪਿੰਡ ਰਾਵਲਪਿੰਡੀ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਨਸ਼ੀਲੀ ਸਪਰੇਅ ਦੀ ਬੋਤਲ, ਤੇਜ਼ਧਾਰ ਹਥਿਆਰ ਅਤੇ ਇਕ ਐਕਟਿਵਾ ਬਰਾਮਦ ਕੀਤੀ ਗਈ ਹੈ ਐੱਸ. ਪੀ. ਗਿੱਲ ਨੇ ਦੱਸਿਆ ਕਿ ਪੁਲਸ ਨੂੰ ਗੁਰਪਾਲ ਪੁੱਤਰ ਪਰਮਜੀਤ ਵਾਸੀ ਖਲਵਾੜਾ ਕਾਲੋਨੀ ਜ਼ਿਲ੍ਹਾ ਕਪੂਰਥਲਾ ਅਤੇ ਸੰਜੀਵ ਕੁਮਾਰ ਪੁੱਤਰ ਦਰਸ਼ਨ ਰਾਮ ਵਾਸੀ ਖਲਵਾੜਾ ਕਾਲੋਨੀ ਨੇ ਲੁੱਟ ਹੋਣ ਸਬੰਧੀ ਜਾਣਕਾਰੀ ਦਿੱਤੀ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਅਦਾਲਤ ਨੇ ਇਨ੍ਹਾਂ ਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਿਆ ਹੈ। ਖ਼ਬਰ ਲਿਖੇ ਜਾਣ ਤੱਕ ਪੁਲਸ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਰਹੀ ਸੀ।

# ਮੈਡੀਕਲ ਸ਼ਾਪ ਦੇ ਮਾਲਕ ਨੂੰ ਤੇਜ਼ਧਾਰ ਹਥਿਆਰਾਂ ਨਾਲ ਉਤਾਰਿਆ ਮੌਤ ਦੇ ਘਾਟ

• ਰਾਜਪੁਰਾ




ਰਾਜਪੁਰਾ ਦੀ ਗੁਰੂ ਅੰਗਦ ਦੇਵ ਕਾਲੋਨੀ ਜੰਡੋਲੀ ਰੋਡ 'ਤੇ ਇਕ ਮੈਡੀਕਲ ਦੁਕਾਨ ਦੇ ਮਾਲਕ ਦਾ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਜੰਡੋਲੀ ਰੋਡ 'ਤੇ ਸ੍ਰੀ ਗੁਰੂ ਅੰਗਦ ਦੇਵ ਕਾਲੋਨੀ 'ਚ ਡਾਕਟਰ ਝੰਡੀ ਵਾਲਾ ਨਾਂ ਨਾਲ ਬਹੁਤ ਮਸ਼ਹੂਰ ਦੁਕਾਨ ਦੇ ਮਾਲਕ ਦਿਨੇਸ਼ ਕੁਮਾਰ ਜੋ ਰਾਤ ਸਮੇਂ ਆਪਣੀ ਦੁਕਾਨ 'ਤੇ ਬੈਠੇ ਸਨ। ਤਕਰੀਬਨ 11.00-11.30 ਵਜੇ ਅਣਪਛਾਤੇ ਕੁਝ ਵਿਅਕਤੀ ਦੁਕਾਨ ਦੇ ਮਾਲਕ ਦਾ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਕਤਲ ਕਰ ਕੇ ਮੌਕੇ ਤੋਂ ਫਰਾਰ ਹੋ ਗਏ। ਜਦੋਂ ਰਾਜਪੁਰਾ ਦੇ ਡੀ. ਐੱਸ. ਪੀ. ਸੁਰਿੰਦਰ ਮੋਹਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਅਣਪਛਾਤੇ ਕਾਤਲਾਂ ਖਿਲਾਫ਼ ਕਤਲ ਦੀ ਧਾਰਾ 302 ਦਾ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕਾਤਲਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਹਿਮਾਚਲ ਵਿੱਚ ਹੋਇਆ ਮੰਦਰ ਦੇ ਪੁਜਾਰੀ ਦਾ ਕਤਲ

• ਸ਼ਿਮਲਾ

ਸ਼ਿਮਲਾ 'ਚ ਅਣਪਛਾਤਿਆਂ ਵਲੋਂ ਮੰਦਰ ਦੇ ਪੁਜਾਰੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਅਤੇ ਲਾਸ਼ ਨੂੰ ਮੰਦਰ ਨੇੜੇ ਝਾੜੀਆਂ 'ਚ ਸੁੱਟ ਦਿੱਤਾ। ਪੁਜਾਰੀ ਦੀ ਉਮਰ 59 ਸਾਲ ਸੀ। ਉਹ ਦੋ ਸਾਲ ਤੋਂ ਵੱਧ ਸਮੇਂ ਤੋਂ ਮੰਦਿਰ ਵਿੱਚ ਹੀ ਬਣੇ ਕਮਰੇ ਵਿੱਚ ਰਹਿ ਰਿਹਾ ਸੀ। ਪੁਜਾਰੀ ਦੀ ਪਛਾਣ ਮਹਾਰਾਸ਼ਟਰ ਦੇ ਰਹਿਣ ਵਾਲੇ ਸੁਨੀਲ ਦਾਸ ਵਜੋਂ ਹੋਈ ਹੈ। ਇਸ ਘਟਨਾ ਨਾਲ ਇਲਾਕੇ 'ਚ ਸਨਸਨੀ ਫੈਲ ਗਈ। ਸ਼ਿਮਲਾ ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮਾਮਲਾ ਧਾਲੀ ਥਾਣੇ ਅਧੀਨ ਪੈਂਦੇ ਪਿੰਡ ਕਾਂਤੀ ਦੇ ਭੂਤੇਸ਼ਵਰ ਮੰਦਰ ਦਾ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਹਾਰਾਸ਼ਟਰ ਦਾ ਰਹਿਣ ਵਾਲਾ ਸੁਨੀਲ ਦਾਸ ਮਾਰਚ 2021 ਤੋਂ ਭੂਤੇਸ਼ਵਰ ਮੰਦਰ 'ਚ ਰਹਿ ਰਿਹਾ ਸੀ ਉਹ 8 ਅਗਸਤ ਨੂੰ ਸ਼ੱਕੀ ਹਾਲਤ ਵਿੱਚ ਲਾਪਤਾ ਹੋ ਗਿਆ ਸੀ। ਸ਼ਨੀਵਾਰ ਨੂੰ ਉਸ ਦੀ ਲਾਸ਼ ਮੰਦਰ ਤੋਂ 15 ਮੀਟਰ ਦੂਰ ਝਾੜੀਆਂ 'ਚ ਪਈ ਮਿਲੀ। ਮ੍ਰਿਤਕ ਪੁਜਾਰੀ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸਨ। ਫੋਰੈਂਸਿਕ ਟੀਮ ਨੇ ਵੀ ਮੌਕੇ ਦਾ ਮੁਆਇਨਾ ਕੀਤਾ।

# ਹਿਮਾਚਲ ਤੇ ਉਤਰਾਖੰਡ 'ਚ ਭਾਰੀ ਮੀਂਹ ਦਾ ਅਲਰਟ



• ਚੰਡੀਗੜ੍ਹ/ਵਿਨੋਦ ਸ਼ਰਮਾ

ਮੌਸਮ ਵਿਭਾਗ ਨੇ ਅਗਲੇ 4 ਦਿਨ ਉਤਰਾਖੰਡ 'ਚ ਭਾਰੀ ਬਾਰਿਸ਼ ਦਾ ਰੈੱਡ ਅਲਰਟ ਅਤੇ 2 ਦਿਨ ਹਿਮਾਚਲ ਪ੍ਰਦੇਸ਼ 'ਚ ਭਾਰੀ ਬਾਰਿਸ਼ ਦਾ ਔਰੇਂਜ ਅਲਰਟ ਜਾਰੀ ਕੀਤਾ ਹੈ।

# ਪੰਜਾਬ ਵਿੱਚ ਔਰਤਾਂ ਦੇ ਸ਼ਰਾਬ ਠੇਕੇ ਖੋਲ੍ਹਣ ਤੇ ਹੋ ਰਹੀ ਹੈ ਨਿੰਦਿਆ



• ਸ੍ਰੀ ਮੁਕਤਸਰ ਸਾਹਿਬ

ਸ੍ਰੀ ਮੁਕਤਸਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸੂਬੇ 'ਚ ਔਰਤਾਂ ਲਈ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਪਿਰਤ ਨੂੰ ਪੰਜਾਬ ਦੇ ਸੱਭਿਆਚਾਰ 'ਤੇ ਸੋਚੀ ਸਮਝੀ ਸਾਜ਼ਿਸ਼ ਦੇ ਅਧੀਨ ਇਕ ਵੱਡਾ ਹਮਲਾ ਕਰਾਰ ਦਿੱਤਾ ਹੈ । ਇਥੇ ਜਾਰੀ ਬਿਆਨ ਵਿਚ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੀਆਂ ਔਰਤਾਂ ਆਪਣੇ ਅਮੀਰ ਵਿਰਸੇ 'ਤੇ ਇਹ ਹਮਲਾ ਬਰਦਾਸ਼ਤ ਨਹੀਂ ਕਰਨਗੀਆਂ ਤੇ ਇਸ ਦਾ ਭਾਰੀ ਵਿਰੋਧ ਕੀਤਾ ਜਾਵੇਗਾ । ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਔਰਤਾਂ ਲਈ ਸਰਾਬ ਦੇ ਠੇਕੇ ਖੋਲ੍ਹਣ ਦੀ ਬਜਾਏ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਨੂੰ ਪੂਰੇ ਕਰਦਿਆਂ ਔਰਤਾਂ ਨੂੰ ਘਰ ਦੀ ਰਸੋਈ ਤੇ ਉਨ੍ਹਾਂ ਨੂੰ ਹੋਰ ਜ਼ਰੂਰਤਾਂ ਲਈ ਹਰ ਮਹੀਨੇ ਇਕ-ਇਕ ਹਜ਼ਾਰ ਰੁਪਏ ਦੇਵੇ।

# ਕੈਨੇਡਾ 'ਚ ਕੀਤੀ ਗਈ ਮੰਦਰ ਦੀ ਭੰਨਤੋੜ

• ਓਟਵਾ



ਕੱਟੜਵਾਦੀ ਅਨਸਰਾਂ ਵੱਲੋਂ ਸ਼ਨਿੱਚਰਵਾਰ ਦੇਰ ਰਾਤ ਬ੍ਰਿਟਿਸ਼ ਕੋਲੰਬੀਆ ਦੇ ਹਿੰਦੂ ਮੰਦਿਰ ਵਿੱਚ ਭੰਨਤੋੜ ਕੀਤੀ ਗਈ। ਮੰਦਿਰ ਵਿੱਚ ਖਾਲਿਸਤਾਨ ਰੈਫਰੈਂਡਮ ਦੇ ਪੋਸਟਰ ਵੀ ਲਾਏ ਗਏ। ਆਸਟਰੇਲੀਆ ਟੂਡੇ ਨੇ ਇਕ ਟਵੀਟ ਵਿੱਚ ਕਿਹਾ ਕਿ ਮੰਦਿਰ ਵਿਚ ਭੰਨਤੋੜ ਦੀ ਘਟਨਾ ਕੈਨੇਡਾ ਦਾ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਵਾਪਰੀ। ਇਸ ਪੂਰੇ ਮਾਮਲੇ ਦੀ ਵੀਡੀਓ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਵਾਇ?ਰਲ ਹੋ ਗਈ ਹੈ। ਆਸਟਰੇਲੀਆ ਟੂਡੇ ਵੱਲੋਂ ਸਾਂਝੀ ਕੀਤੀ ਵੀਡੀਓ ਵਿੱਚ ਦੋ ਨਕਾਬਪੋਸ਼ ਭੱਜਣ ਤੋਂ ਪਹਿਲਾਂ ਮੰਦਿਰ ਦੀ ਕੰਧ 'ਤੇ ਪੋਸਟਰ ਲਾਉਂਦੇ ਤੇ ਤਸਵੀਰਾਂ ਖਿੱਚਦੇ ਨਜ਼ਰ ਆ ਰਹੇ ਹਨ। ਮੰਦਰ ਦੇ ਗੇਟ 'ਤੇ ਲਾਏ ਪੋਸਟਰ ਵਿੱਚ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਵੀ ਹੈ, ਜਿਸ ਦੀ ਏ?ਸ ਸਾਲ ਜੂਨ ਵਿੱਚ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਂਜ ਕੈਨੇਡਾ ਦੇ ਮੰਦਿਰ ਵਿੱਚ ਖਾਲਿਸਤਾਨੀ ਕੱਟੜਵਾਦੀਆਂ ਵੱਲੋਂ ਕੀਤਾ ਇਹ ਕੋਈ ਪਹਿਲਾ ਹਮਲਾ ਨਹੀਂ ਹੈ। ਇਸ ਸਾਲ ਅਪਰੈਲ ਵਿੱਚ ਕੈਨੇਡਾ ਦੇ ਓਂਟਾਰੀਓ ਵਿੱਚ ਵਿੰਡਸਰ 'ਚ ਬੀਏਪੀਐੱਸ ਸਵਾਮੀਨਰਾਇਣ ਮੰਦਰ 'ਤੇ ਭਾਰਤ ਵਿਰੋਧੀ ਤਸਵੀਰ ਬਣਾਈ ਗਈ ਸੀ। ਇਸ ਤੋਂ ਪਹਿਲਾਂ ਫਰਵਰੀ ਵਿੱਚ ਕੈਨੇਡਾ ਦੇ ਮਿਸੀਸਾਗਾ ਵਿਚ ਰਾਮ ਮੰਦਿਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਟੋਰਾਂਟੋ ਸਥਿਤ ਭਾਰਤੀ ਕੌਂਸੁਲੇਟ ਜਨਰਲ ਦੇ ਦਫ਼ਤਰ ਨੇ ਮੰਦਰ 'ਚ ਕੀਤੀ ਭੰਨਤੋੜ ਦੀ ਨਿਖੇਧੀ ਕਰਦਿਆਂ ਕੈਨੇਡੀਅਨ ਅਥਾਰਿਟੀਜ਼ ਨੂੰ ਇਸ ਘਟਨਾ ਦੀ ਜਾਂਚ ਕਰਨ ਤੇ ਸਾਜ਼ਿਸ਼ਘਾੜਿਆਂ ਖਿਲਾਫ਼ ਸਖ਼ਤ ਕਾਰਵਾਈ ਲਈ ਕਿਹਾ ਹੈ।

# ਪਾਕਿਸਤਾਨ ਵਿੱਚ ਨੁਕਤਚੀਨੀ ਮਾਮਲੇ ਵਿੱਚ 11 ਵਿਅਕਤੀਆਂ ਦੀ ਕਵਰੇਜ਼ ਤੇ ਲੱਗੀ ਪਾਬੰਦੀ



**ਇਸਲਾਮਾਬਾਦ :** ਪਾਕਿਸਤਾਨ ਦੇ ਇਲੈਕਟ?ਰੋਨਿਕ ਮੀਡੀਆ ਨਿਗਰਾਨ ਨੇ ਟੀਵੀ ਚੈਨਲਾਂ ਨੂੰ ਪੱਤਰਕਾਰਾਂ ਸਣੇ 11 ਲੋਕਾਂ ਨੂੰ ਏਅਰ ਸਪੇਸ ਦੇਣ ਤੋਂ ਰੋਕ ਦਿੱਤਾ ਹੈ। ਜਿਨ੍ਹਾਂ 11 ਲੋਕਾਂ ਦੀ ਕਵਰੇਜ 'ਤੇ ਪਾਬੰਦੀ ਲਾਈ ਗਈ ਹੈ, ਉਨ੍ਹਾਂ ਵਿਚੋਂ ਬਹੁਗਿਣਤੀ 'ਤੇ ਫੌਜ ਤੇ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦੀ ਨੁਕਤਾਚੀਨੀ ਕਰਨ ਦਾ ਦੋਸ਼ ਹੈ ਤੇ ਕੋਰਟਾਂ ਇਨ੍ਹਾਂ ਨੂੰ ਭਗੌੜੇ ਐਲਾਨ ਚੁੱਕੀਆਂ ਹਨ। ਪਾਕਿਸਤਾਨ ਇਲੈਕਟ?ਰੋਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ (ਪੇਮਰਾ) ਨੇ ਸਿੰਧ ਹਾਈ ਕੋਰਟ ਵੱਲੋਂ ਸੁਣਾਏ ਇਕ ਫੈਸਲੇ ਦੇ ਹਵਾਲੇ ਨਾਲ ਉਪਰੋਕਤ ਹਦਾਇਤਾਂ ਜਾਰੀ ਕੀਤੀਆਂ ਹਨ।

# ਦੇਸ਼ ਦੇ ਕਈ ਰਾਜਾਂ ਵਿੱਚ ਐਨਆਈਏ ਨੇ ਕੀਤੀ ਛਾਪੇਮਾਰੀ

• ਨਵੀਂ ਦਿੱਲੀ/ਕਪੂਰ



ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਪਾਪੂਲਰ ਫਰੰਟ ਆਫ਼ ਇੰਡੀਆ (ਪੀਐੱਫਆਈ) ਸਾਜ਼ਿਸ਼ ਕੇਸ ਵਿੱਚ ਅੱਜ ਪੰਜ ਰਾਜਾਂ ਕੇਰਲਾ, ਕਰਨਾਟਕ, ਮਹਾਰਾਸ਼ਟਰ, ਪੱਛਮੀ ਬੰਗਾਲ ਤੇ ਬਿਹਾਰ ਵਿੱਚ ਕੁੱਲ ਮਿਲਾ ਕੇ 14 ਟਿਕਾਣਿਆਂ 'ਤੇ ਇਕੋ ਵੇਲੇ ਛਾਪੇ ਮਾਰੇ। ਸੰਘੀ ਏਜੰਸੀ ਦੇ ਤਰਜਮਾਨ ਨੇ ਕਿਹਾ ਕਿ ਇਨ੍ਹਾਂ ਛਾਪਿਆਂ ਦੌਰਾਨ ਕਈ ਡਿਜੀਟਲ ਯੰਤਰਾਂ ਤੋਂ ਇਲਾਵਾ ਭੜਕਾਊ ਸਮੱਗਰੀ ਕਬਜ਼ੇ ਵਿੱਚ ਲਈ ਗਈ ਹੈ।

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਪਿੰਡਾਂ ਵਿੱਚ ਲਗਾਏ ਜਾ ਰਹੇ ਹਨ ਵਿਸ਼ੇਸ਼ ਕੈਂਪ



■ ਯੋਗ ਲਾਭਪਤਾਰੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾ ਕੇ ਮੁਫ਼ਤ ਇਲਾਜ ਸਹੂਲਤ ਦਾ ਲਾਭ ਉਠਾਉਣ - ਡਿਪਟੀ ਕਮਿਸ਼ਨਰ

• ਗੁਰਦਾਸਪੁਰ-ਨਵਨੀਤ ਕੁਮਾਰ

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੀ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਯੋਗ ਲਾਭਪਤਾਰੀਆਂ ਦੇ ਸਿਹਤ ਬੀਮਾਂ ਯੋਜਨਾ ਦੇ ਕਾਰਡ ਬਣਾ ਕੇ ਦਿੱਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ ਸਸਤਾ ਅਨਾਜ ਕਾਰਡ ਧਾਰਕ ਪਰਿਵਾਰਾਂ, ਜੇ ਫਾਰਮ ਧਾਰਕ ਕਿਸਾਨ ਪਰਿਵਾਰਾਂ, ਛੋਟੇ ਵਪਾਰੀਆਂ, ਰਜਿਸਟਰਡ ਉਸਾਰੀ ਮਜ਼ਦੂਰਾਂ ਅਤੇ ਐਕਰੀਡੇਟਿਡ/ਯੈਲੋ ਕਾਰਡ ਧਾਰਕ ਪੱਤਰਕਾਰਾਂ ਦੇ ਪਰਿਵਾਰਾਂ ਦੇ ਕਾਰਡ ਬਣਦੇ ਹਨ ਜਿਸ 'ਤੇ ਕਾਰਡਧਾਰਕ ਪਰਿਵਾਰ ਨੂੰ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ।

ਉਨਾਂ ਕਿਹਾ ਕਿ ਇਹ ਯੋਜਨਾ ਲੋੜਵੰਦ ਪਰਿਵਾਰਾਂ ਲਈ ਬਹੁਤ ਵਧੀਆ ਹੈ ਅਤੇ ਲੋੜ ਪੈਣ 'ਤੇ ਕਾਰਡ ਧਾਰਕ ਪਰਿਵਾਰ ਸੂਬੇ ਦੇ 900 ਤੋਂ ਵੱਧ ਸਰਕਾਰੀ ਅਤੇ ਪ?ਾਈਵੇਟ ਹਸਪਤਾਲਾਂ ਵਿਚ ਆਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਪਿੰਡ-ਪਿੰਡ ਜਾ ਕੇ ਯੋਗ ਲਾਭਪਤਾਰੀਆਂ ਦੇ ਕਾਰਡ ਬਣਾਏ ਜਾ ਰਹੇ ਹਨ। ਉਨਾਂ ਸਮੂਹ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਜ਼ਰੂਰ ਬਣਾਉਣ।

# ਗਗਨ ਸਿੰਗਲਾ ਗੀਜੀਵਾਲਾ ਨੂੰ ਨਵਗਠਿਤ ਭਾਰਤ ਵਿਕਾਸ ਪ੍ਰੀਸ਼ਦ (ਯੂਥ ਵਿੰਗ) ਦਾ ਪਹਿਲਾ ਪ੍ਰਧਾਨ ਚੁਣਿਆ ਗਿਆ




• ਜੈਤੋ

ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ ਵਲੋਂ ਪ੍ਰੀਸ਼ਦ ਦੀ ਯੂਥ ਟੀਮ ਦਾ ਗਠਨ ਕੀਤਾ ਗਿਆ। ਜਿਸ ਵਿੱਚ ਹਾਜ਼ਰ ਮੈਂਬਰਾਂ ਦੀ ਸਹਿਮਤੀ ਨਾਲ ਗਗਨ ਸਿੰਗਲਾ ਗੀਜੀਵਾਲਾ ਨੂੰ ਪ੍ਰਧਾਨ ਅਤੇ ਭਰਤ ਬਾਂਸਲ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਪ੍ਰੀਸ਼ਦ ਦੇ ਪ੍ਰਚਾਰ ਸਕੱਤਰ ਸੁਰਿੰਦਰ ਗਰਗ ਰਿਟਾਇਰਡ ਆਰ ਏ ਨੇ ਉਪਰੋਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਸਮਾਜ ਸੇਵਾ ਦੇ ਕੰਮਾਂ ਵਿੱਚ ਹਮੇਸ਼ਾ ਤਤਪਰ ਰਹਿੰਦੀ ਹੈ। ਸਮੇਂ-ਸਮੇਂ ਤੇ ਪ੍ਰੀਸ਼ਦ ਵਲੋਂ ਲੋਕ ਭਲਾਈ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰੀਸ਼ਦ ਪ੍ਰਧਾਨ ਵੱਲੋਂ ਪ੍ਰੀਸ਼ਦ ਦੇ ਕੰਮ ਨੂੰ ਨਵੀਂ ਸੋਚ ਅਤੇ ਨਵੀਂ ਦਿਸ਼ਾ ਨਾਲ ਤੇਜ਼ ਕਰਨ ਲਈ ਨੌਜਵਾਨ ਮੈਂਬਰਾਂ ਨੂੰ ਅੱਗੇ ਲਿਆਉਣ ਲਈ ਇੱਕ ਨਵਾਂ ਉਪਰਾਲਾ ਕੀਤਾ ਗਿਆ ਹੈ। ਗਗਨ ਸਿੰਗਲਾ ਗੀਜੀਵਾਲਾ ਅਤੇ ਭਰਤ ਬਾਂਸਲ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਪਰਿਵਾਰ ਦਹਾਕਿਆਂ ਤੋਂ ਪ੍ਰੀਸ਼ਦ ਦੇ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਅਸੀਂ ਸਾਰਿਆਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਅਸੀਂ ਪ੍ਰੀਸ਼ਦ ਨੂੰ ਹੋਰ ਉੱਚਾਈਆਂ 'ਤੇ ਲੈ ਕੇ ਜਾਵਾਂਗੇ। ਇਸ ਮੌਕੇ ਪ੍ਰੀਸ਼ਦ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਪ੍ਰਚਾਰ ਸਕੱਤਰ ਸੁਰਿੰਦਰ ਗਰਗ ਸੇਵਾਮੁਕਤ ਆਰ ਏ , ਨਵ-ਨਿਯੁਕਤ ਯੂਥ ਪ੍ਰਧਾਨ ਗਗਨ ਸਿੰਗਲਾ ਗੀਜੀਵਾਲਾ, ਯੂਥ ਸਕੱਤਰ ਭਰਤ ਬਾਂਸਲ, ਮਹਿਲਾ ਖਜ਼ਾਨਚੀ ਮਨੀਸ਼ਾ ਗਰਗ, ਮਹਿਲਾ ਆਲ ਪ੍ਰੋਜੈਕਟ ਚੇਅਰਪਰਸਨ ਪ੍ਰਵੀਨ ਗਰਗ, ਮਹਿਲਾ ਪ੍ਰਚਾਰ ਸਕੱਤਰ ਜਯੋਤੀ ਮੋਨੂੰ ਸ਼ਰਮਾ, ਅਮਨਦੀਪ ਪੁੰਨੀ, ਯੋਗੇਸ਼ ਬਾਂਸਲ, ਅੰਕੁਸ਼ ਬਿਸ਼ਨੰਦੀ ਵਾਲੇ, ਮੋਨੂੰ ਸ਼ਰਮਾ ਟੈਂਟ, ਮਨੀਸ਼ਾ ਬਿੰਦਲ, ਤਨੂਜਾ ਬਾਂਸਲ, ਪ੍ਰਿਆ ਬਿਸ਼ਨੰਦੀ ਵਾਲੇ, ਰੁਚਿਕਾ, ਮਧੂ ਬਾਂਸਲ, ਕਮਲਪ੍ਰੀਤ ਸਿੰਗਲਾ, ਰੁਪਿੰਦਰ ਕੌਰ ਪੁੰਨੀ ਆਦਿ ਹਾਜ਼ਰ ਹੋਏ।

# ਮੇਰਾ ਦੇਸ਼ ਮੇਰੀ ਮਾਟੀ ਪ੍ਰੋਗਰਾਮ ਤਹਿਤ ਭਾਰਤ ਸਰਕਾਰ ਵੱਲੋਂ ਲਗਾਏ ਜਾ ਰਹੇ ਪੱਥਰਾਂ ਨਾਲ ਛੇੜਛਾੜ ਦੀ ਆਪ ਸਰਕਾਰ ਦੀ ਘਿਣੋਣੀ ਹਰਕਤ : ਸੁਨੀਲ ਜਾਖੜ

• ਚੰਡੀਗੜ੍ਹ/ਵਿਨੋਦ ਸ਼ਰਮਾ

ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ ਪੰਜਾਬ ਦੀ ਆਪ ਸਰਕਾਰ ਵੱਲੋਂ ਮੇਰਾ ਦੇਸ਼ ਮੇਰੀ ਮਾਟੀ ਪ੍ਰੋਗਰਾਮ ਤਹਿਤ ਕੇਂਦਰ ਸਰਕਾਰ ਵਲੋਂ ਦੇਸ਼ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਵਾਲਿਆਂ ਦੇ ਪਿੰਡਾਂ ਵਿਚ ਮਹਾਨ ਸ਼ਹੀਦਾਂ ਦੇ ਸਨਮਾਨ ਵਿਚ ਲਗਾਏ ਜਾ ਰਹੇ ਯਾਦਗਾਰੀ ਪੱਥਰਾਂ ਨਾਲ ਛੇੜਛਾੜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੁਨੀਲ ਜਾਖੜ ਨੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੀ ਕੁਰਬਾਨੀ ਤੋਂ ਅਗਲੀਆਂ ਪੀੜ੍ਹੀਆਂ ਸੇਧ ਲੈ ਸਕਣ ਇਸ ਲਈ ਦੇਸ਼ ਲਈ ਆਪਾਂ ਵਾਰਨ ਵਾਲੇ ਸ਼ਹੀਦਾਂ ਦੀ ਯਾਦ ਵਿਚ ਭਾਰਤ ਸਰਕਾਰ ਵੱਲੋਂ ਪਿੰਡਾਂ ਵਿਚ ਯਾਦਗਾਰੀ ਪੱਥਰ ਲਗਾਏ ਜਾਣ ਲਈ ਭੇਜੇ ਗਏ ਸਨ ਪਰ ਹਰ ਵਾਰ ਦੀ ਤਰਾਂ ਨੀਂਵੇਂ ਪੱਧਰ ਦੀ ਰਾਜਨੀਤੀ ਕਰਨ ਦੀ ਆਦੀ ਹੋਈ ਆਪ ਸਰਕਾਰ ਨੇ ਇੰਨ੍ਹਾਂ ਪੱਥਰਾਂ ਤੇ ਲਿਖੀ ਇਬਾਰਤ ਨੂੰ ਮਿਟਾ ਕੇ ਉਸਤੇ ਆਪਣੇ ਸਟੀਕਰ ਲਗਾਉਣ ਦੀ ਕੋਝੀ ਹਰਕਤ ਕੀਤੀ ਹੈ।



ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਤੋਂ ਬਾਹਰ ਵੀ ਸੂਬੇ ਦੇ ਕਰੋੜਾਂ ਰੁਪਏ ਖਰਚ ਕੇ ਅਤੇ ਪੰਜਾਬ ਵਿਚ ਹਰ ਕੰਧ ਤੇ ਅਤੇ ਹਰੇਕ ਪ੍ਰੋਜੈਕਟ ਤੇ ਆਪਣੀਆਂ ਤਸਵੀਰਾਂ ਲਗਵਾ ਕੇ ਵੀ ਸੰਤੁਸ਼ਟ ਨਹੀਂ ਹੋਏ ਤਾਂ ਹੁਣ ਉਹ ਸ਼ਹੀਦਾਂ ਦੀ ਯਾਦ ਵਿਚ ਲੱਗਣ ਵਾਲੇ ਪੱਥਰਾਂ ਤੇ ਵੀ ਸਿਆਸਤ ਕਰਨ ਲੱਗੇ ਹਨ ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਕੌਮੀ ਸਿਹਤ ਮਿਸ਼ਨ ਤਹਿਤ ਆਈ ਰਕਮ ਦਾ ਖਰਚ ਵੀ ਆਪਣੀ ਬ੍ਰਾਂਡਿੰਗ ਕਰਨ ਲਈ ਖਰਚ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਸੀ ਪਰ ਹੁਣ ਤਾਂ ਇਹ ਸਰਕਾਰ ਸ਼ਹੀਦਾਂ ਦੇ ਸਤਿਕਾਰ ਨੂੰ ਠੇਸ ਪਹੁੰਚਾਉਣ ਤੇ ਉਤਰ ਆਈ ਹੈ।

ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਯਾਦ ਕਰਵਾਇਆ ਕਿ ਉਹ ਨਿੱਤ ਦਿਨ ਸ਼ਹੀਦਾਂ ਦੇ ਨਾਂਅ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹਿੰਦੇ ਹਨ, ਚੰਗਾ ਹੁੰਦਾ ਜੇਕਰ ਉਹ ਸ਼ਹੀਦਾਂ ਦੀ ਸੋਚ ਦਾ ਕੁਝ ਹਿੱਸਾ ਆਪਣੇ ਕੰਮ ਕਾਰ ਅਤੇ ਆਪਣੀ ਸੋਚ ਵਿਚ ਵੀ ਸ਼ਾਮਿਲ ਕਰਦੇ।

ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਵੱਲੋਂ ਲਗਾਏ ਜਾ ਰਹੇ ਯਾਦਗਾਰੀ ਪੱਥਰਾਂ ਨਾਲ ਛੇੜਛਾੜ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਇਸ ਤਰਾਂ ਕਰਕੇ ਪੰਜਾਬ ਦੀ ਆਪ ਸਰਕਾਰ ਨੇ ਆਪਣੀ ਨਿੱਕੀ ਸੋਚ ਦਾ ਹੀ ਪ੍ਰਗਟਾਵਾ ਕੀਤਾ ਹੈ। ਜਾਖੜ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਸਰਕਾਰ ਦੀਆਂ ਨੀਵੇਂ ਪੱਧਰ ਦੀਆਂ ਹਰਕਤਾਂ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਉਹ ਤੁਰੰਤ ਯਾਦਗਾਰੀ ਪੱਥਰਾਂ ਨਾਲ ਕੀਤੀ ਜਾ ਰਹੀ ਛੇੜਛਾੜ ਬੰਦ ਕਰਨ ਦੇ ਹੁਕਮ ਦੇਣ ਨਹੀਂ ਤਾਂ ਇਸ ਛੇੜਛਾੜ ਰਾਹੀਂ ਲਗਾਏ ਜਾ ਰਹੇ ਸਟੀਕਰ ਅਸਲ ਵਿਚ ਉਨ੍ਹਾਂ ਦੇ ਸਿਆਸੀ ਕੈਰੀਅਰ ਤੇ ਹੀ ਦਾਗ ਬਣਕੇ ਚਮਕਣਗੇ।

# ਡਿਪਟੀ ਕਮਿਸ਼ਨਰ ਵਲੋਂ 77ਵੇਂ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਦਾ ਨਿਰੀਖਣ

## ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ 15 ਅਗਸਤ ਨੂੰ ਕੌਮੀ ਝੰਡਾ ਲਹਿਰਾਉਣਗੇ

• ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਵਲੋਂ ਐਸ.ਸੀ.ਡੀ. ਸਰਕਾਰੀ ਕਾਲਜ, ਸਿਵਲ ਲਾਈਨ, ਲੁਧਿਆਣਾ ਦੇ ਗਰਾਉਂਡ ਵਿੱਚ ਜ਼ਿਲ੍ਹਾ ਪੱਧਰੀ 77ਵੇਂ ਸੁਤੰਤਰਤਾ ਦਿਵਸ ਸਮਾਰੋਹ ਦੀ ਫੁੱਲ ਡਰੈਸ ਰਿਹਰਸਲ ਵਿੱਚ ਭਾਗ ਲਿਆ। 15 ਅਗਸਤ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਹੋਣਗੇ।

ਫੁੱਲ ਡਰੈੱਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਨੇ ਕੌਮੀ ਝੰਡਾ ਲਹਿਰਾਇਆ ਅਤੇ ਪਰੇਡ ਕਮਾਂਡਰ ਰੂਪਦੀਪ ਕੌਰ, ਡੀ.ਐਸ.ਪੀ.(ਅੰਡਰ ਟਰੇਨਿੰਗ) ਅਤੇ ਸੈਕਿੰਡ ਪਰੇਡ ਕਮਾਂਡਰ ਇੰਸਪੈਕਟਰ ਮਨਜੀਤ ਕੌਰ ਦੀ ਅਗਵਾਈ ਹੇਠ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 15 ਅਗਸਤ ਨੂੰ ਐਸ.ਸੀ.ਡੀ. ਸਰਕਾਰੀ ਕਾਲਜ, ਸਿਵਲ ਲਾਈਨ, ਲੁਧਿਆਣਾ ਵਿਖੇ 77ਵੇਂ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਸੈਂਕੜੇ ਵਿਦਿਆਰਥੀ ਸ਼ਾਨਦਾਰ ਪੀ.ਟੀ. ਸ਼ੋਅ ਵਿੱਚ ਭਾਗ ਲੈਣਗੇ, ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ ਜਿਸ ਵਿੱਚ ਦੇਸ਼ ਭਗਤੀ ਦੇ ਗੀਤ, ਭੰਗੜਾ, ਗਿੱਧਾ ਅਤੇ ਕੋਰੀਓਗ੍ਰਾਫੀ ਸ਼ਾਮਲ ਹੈ। ਉਨ੍ਹਾਂ ਪੁਲਿਸ ਫੋਰਸ ਅਤੇ ਅਧਿਕਾਰੀਆਂ ਨੂੰ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਇਸ ਪਵਿੱਤਰ ਦਿਹਾੜੇ ਨੂੰ ਪੂਰੀ ਦੇਸ਼ ਭਗਤੀ ਅਤੇ ਰਾਸ਼ਟਰ ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਨੋਡਲ ਅਫਸਰਾਂ ਨੂੰ ਪਹਿਲਾਂ ਹੀ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ ਅਤੇ ਡਿਊਟੀ ਦੌਰਾਨ ਕਿਸੇ ਵੀ ਤਰ੍ਹਾਂ ਦੀ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਬਾਅਦ ਵਿੱਚ ਸੁਰਭੀ ਮਲਿਕ ਨੇ ਅਧਿਕਾਰੀਆਂ ਨਾਲ ਵੱਖ-ਵੱਖ ਮੀਟਿੰਗਾਂ ਵੀ ਕੀਤੀਆਂ।





# ਜਵੱਦੀ ਕਲਾ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਹੋਇਆ



**• ਲੁਧਿਆਣਾ**

ਭਵਿੱਖ-ਮੁਖੀ ਸੋਚ ਦੇ ਧਾਰਨੀ, ਸਫਲ ਜੀਵਨ ਲਈ ਸੰਗਤਾਂ 'ਚ ਗੁਰਮਤਿ ਦੇ ਪ੍ਰਚਾਰ-ਪਸਾਰ ਲਈ ਜੀਵਨ ਭਰ ਕਾਰਜ਼ਸ਼ੀਲ ਰਹਿਣ ਵਾਲੀ ਸਿੱਖ ਸ਼ਖਸ਼ੀਅਤ ਸੱਚਖੰਡਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਨੇ ਮਨੁੱਖੀ ਜੀਵਨ ਨਾਲ ਸਬੰਧਿਤ, ਸਰਬ-ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਲਈ "ਜਵੱਦੀ ਟਕਸਾਲ" ਦਾ "ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸ਼ਾਹਿਬ" ਨੂੰ ਇਕ ਕੇਂਦਰ ਬਣਾਇਆ।

ਉਪੋ੍ਕਤ ਪ੍ਰਵਚਨ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਹਫਤਾਵਾਰੀ ਨਾਮ-ਸਿਮਰਨ-ਅਭਿਆਸ ਸਮਾਗਮਾਂ ਵਿਚ ਸੰਗਤਾਂ ਸਨਮੁਖ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਦਿਆਂ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਜੀਵਨ ਅਧਾਰਿਤ ਉਦਾਹਰਣਾਂ ਦਿੰਦਿਆਂ ਸਮਝਾਇਆ ਕਿ ਉਨ੍ਹਾਂ ਆਪਣਾ ਜੀਵਨ ਸੰਗਤਾਂ 'ਚ ਅਧਿਆਤਮਿਕ ਸੰਦੇਸ਼ ਸੰਚਾਰਿਤ ਕਰਦਿਆਂ ਗੁਜਾਰਿਆ। ਉਨ੍ਹਾਂ ਮਹਾਪੁਰਸ਼ਾਂ ਦੀਆਂ ਯਾਦਾਂ ਵਿਚੋਂ ਉਨ੍ਹਾਂ ਦੇ ਮੁਖਾਰਬਿੰਦੋਂ ਸਰਵਣ ਕੀਤੇ ਪ੍ਰਵਚਨਾਂ 'ਚੋਂ ਉਦਾਹਰਣ ਦਿੰਦਿਆਂ ਸਮਝਾਇਆ ਕਿ ਜਿਵੇਂ ਧਰਤੀ ਉੱਤੇ ਬੱਦਲ ਵਰਖਾ ਦੇ ਰੂਪ 'ਚ ਵਰ੍ਹਦੇ ਨੇ, ਤਾਂ ਧਰਤੀ ਉੱਪਰਲੀ ਬਨਸਪਤੀ ਹਰੀ-ਭਰੀ ਹੋ ਕੇ ਮੌਲਣ ਲੱਗਦੀ ਹੈ। ਮੌਸਮ ਸੁਹਾਵਣਾ ਹੁੰਦਾ ਹੈ, ਤਾਂ ਉਸ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਤ ਨਹੀਂ ਕਰਨੀ ਪੈਂਦੀ। ਇਸੇ ਤਰ੍ਹਾਂ ਧਰਤੀ 'ਚ ਵੀ ਪਾਣੀ ਹੈ, ਪਰ ਧਰਤੀ ਥੱਲੇ ਤਾਂ ਚਸ਼ਮਿਆਂ ਵਾਂਗੂੰ ਖੁੱਲ੍ਹਾ ਵਗਦਾ ਹੈ, ਬਹੁਤ ਜਿਆਦਾ ਪਾਣੀ ਹੈ। ਉਸ ਪਾਣੀ ਦੀ ਪ੍ਰਾਪਤੀ ਲਈ ਜਤਨ ਕਰਨਾ ਪੈਂਦਾ ਹੈ। ਖੂਹ ਪੁੱਟਣਾ ਪੈਂਦਾ ਹੈ, ਟਿਊਵੈਲ ਲਗਾਉਣਾ ਪੈਂਦਾ ਹੈ ਜਾਂ ਹੋਈ ਹੋਰ ਸਾਧਨ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਪਰਮੇਸ਼ਰ ਦਾ ਨਾਮ ਜਪਣ ਲਈ ਜਤਨ ਕਰਨਾ ਪੈਂਦਾ ਹੈ, ਤਦ ਹੀ ਉਸਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਸੰਤ ਬਾਬਾ ਸੁਚਾ ਸਿੰਘ ਜੀ ਦੀ 21ਵੀ ਸਲਾਨਾਂ ਯਾਦ 'ਚ 15 ਅਗਸਤ ਤੋਂ 27 ਅਗਸਤ ਤੱਕ ਹੋਣ ਵਾਲੇ ਬਰਸੀ ਸਮਾਗਮਾਂ ਵਿਚ ਪੁੱਜਣ ਲਈ ਸੰਗਤਾਂ ਨੂੰ ਪੁਰਜੋਰ ਬੇਨਤੀ ਕੀਤੀ।

# ਆਪ ਪਾਰਟੀ ਨੇ ਖੁਦ ਦੇ ਦਲਿਤ ਵਿਧਾਇਕ ਤੇ ਮੰਤਰੀ ਬਦਨਾਮੀ ਨਾਲ ਰਗੜੇ : ਜਸਵੀਰ ਸਿੰਘ ਗੜ੍ਹੀ



**ਨਵਾਂਸ਼ਹਿਰ/ਜਤਿੰਦਰ ਪਾਲ ਸਿੰਘ ਕਲੇਰ**

ਬਸਪਾ ਪੰਜਾਬ ਵਲੋਂ ਜਲੰਧਰ ਦੀ ਬੂਟਾਂਮੰਡੀ ਵਿੱਚ ਵਿਸ਼ਾਲ ਦਲਿਤ ਮਹਾਂਪੰਚਾਇਤ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਹੋਈ ਜਿਸ ਵਿਚ ਆਮ ਆਦਮੀ ਪਾਰਟੀ ਸਰਕਾਰ ਦੀ ਦਲਿਤ ਵਿਰੋਧੀ ਨੀਤੀਆਂ ਅਤੇ ਪੰਜਾਬ ਪੁਲਿਸ ਦੀ ਗੁੰਡਾਗਰਦੀ ਖਿਲਾਫ਼ ਰੋਸ ਮਾਰਚ ਕੀਤਾ ਅਤੇ ਗਵਰਨਰ ਦੇ ਨਾਮ ਮੈਮੋਰੰਡਮ ਏਡੀਸੀ ਰਾਹੀਂ ਦਿੱਤਾ ਗਿਆ। ਬਸਪਾ ਪੰਜਾਬ ਪ੍ਰਧਾਨ ਸ ਗੜ੍ਹੀ ਨੇ ਕਿਹਾ ਕਿ ਆਪ ਸਰਕਾਰ ਇੰਨੀ ਦਲਿਤ ਵਿਰੋਧੀ ਹੈ ਕਿ ਆਪ ਪਾਰਟੀ ਨੇ ਖੁਦ ਦੇ ਦਲਿਤ ਵਿਧਾਇਕ ਤੇ ਮੰਤਰੀ ਬਦਨਾਮੀ ਨਾਲ ਰਗੜੇ ਜਿਸ ਸਾਬਕਾ ਮੰਤਰੀ ਫੌਜਾਂ ਸਿੰਘ ਸਰਾਰੀ, ਵਿਧਾਇਕ ਸਰਬਜੀਤ ਕੌਰ ਮਾਣੂੰਕੇ ਜਗਰਾਓਂ, ਵਿਧਾਇਕ ਲਾਭ ਸਿੰਘ ਉਘਿਕੇ ਭਦੌੜ, ਵਿਧਾਇਕ ਅਮੋਲਕ ਸਿੰਘ ਜੈਤੋ, ਵਿਧਾਇਕ ਅਮਿਤ ਰਤਨ ਕੋਟਫੱਤਾ ਬਠਿੰਡਾ, ਵਿਧਾਇਕ ਸ਼ੀਤਲ ਆਂਗੁਰਾਲ ਜਲੰਧਰ, ਮੰਤਰੀ ਲਾਲ ਚੰਦ ਕਟਾਰੁਚੱਕ, ਵਿਧਾਇਕ ਦੇਵ ਮਾਨ ਨਾਭਾ ਆਦਿ ਪ੍ਰਮੁੱਖ ਹਨ। ਜਦੋਂਕਿ ਓਬੀਸੀ ਸ਼੍ਰੇਣੀਆਂ ਦੇ 23 ਐੱਮਐੱਲਏ ਸਰਕਾਰ ਵਿੱਚ ਹਨ। ਸਰਕਾਰ ਦਾ ਸਪੀਕਰ ਤੇ ਡਿਪਟੀ ਸਪੀਕਰ ਦੋਨੋ ਪਿਛੜੀਆਂ ਸ਼੍ਰੇਣੀਆਂ ਤੋਂ ਹਨ। ਪਿਛਲੇ 18 ਮਹੀਨਿਆਂ ਤੋਂ ਓਬੀਸੀ ਜਮਾਤਾਂ ਲਈ ਦੋ ਸਬਦ ਨਹੀਂ ਬੋਲੇ ਗਏ। ਸ ਗੜ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਦਾ ਖੁਲਾਸਾ ਕਰਕੇ ਸਰਕਾਰ ਦਾ ਮੁਕਾਬਲਾ ਕਰਨ ਲਈ ਬਸਪਾ ਫ਼ੌਜ ਦੀ ਲਾਮਬੰਦੀ ਲਈ ਪਿੰਡ ਪਿੰਡ ਸੰਗਠਨ ਭਰਤੀ ਲਈ ਰੂਪ ਰੇਖਾ ਦਾ ਐਲਾਨ ਕੀਤਾ ਗਿਆ ਹੈ, ਜਿਸ ਤੇ ਤੇਜ਼ੀ ਨਾਲ ਕੰਮ ਚਲ ਰਿਹਾ ਹੈ। ਬਸਪਾ ਵਿਧਾਇਕ ਡਾ ਨਛੱਤਰ ਪਾਲ ਨੇ ਕਿਹਾ ਕਿ 12 ਲੱਖ ਗਰੀਬਾਂ ਦੇ ਨੀਲੇ ਕਾਰਡ ਕੱਟਕੇ ਆਮ ਲੋਕਾਂ ਨਾਲ ਸਰਕਾਰ ਨੇ ਧੋਖਾ ਕੀਤਾ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਵਿਦਿਆਰਥੀਆਂ ਨਾਲ ਧੱਕਾ, ਰਖਵਾਕਰਨ ਨੀਤੀ ਲਾਗੂ ਨਾ ਕਰਕੇ ਦਲਿਤ ਕਰਮਚਾਰੀਆਂ ਤੇ ਅਧਿਕਾਰੀਆਂ ਨਾਲ ਧੱਕਾ ਕਰਨਾ, ਐਸ ਸੀ ਕਮਿਸ਼ਨ ਨੂੰ ਖੁੰਡਾ ਕਰਨਾ ਆਦਿ ਮੁੱਦੇ ਹਨ ਜੋਕਿ ਦਲਿਤ ਸਮਾਜ ਲਈ ਧੱਕਾ ਹਨ। ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਓਬੀਸੀ ਜਮਾਤਾਂ ਦੀ ਆਬਾਦੀ ਪੰਜਾਬ ਵਿਚ 40% ਤੋਂ ਜਿਆਦਾ ਹੈ, ਇੱਥੇ ਮੰਡਲ ਕਮਿਸ਼ਨ ਰਿਪੋਰਟ ਲਾਗੂ ਕੀਤੀ ਜਾਵੇ ਤਾਂਕਿ ਓਬੀਸੀ ਜਮਾਤਾਂ ਨੂੰ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿਚ 27% ਰਾਖਵਾਂਕਰਨ ਮਿਲ ਸਕੇ। ਸੂਬਾ ਜਨਰਲ ਸਕੱਤਰ ਸ਼੍ਰੀ ਬਲਵਿੰਦਰ ਕੁਮਾਰ ਤੇ ਸ਼੍ਰੀ ਗੁਰਲਾਲ ਸੈਲਾ ਨੇ ਕਿਹਾ ਕਿ ਜਲੰਧਰ ਵਿਚ ਪੁਲਿਸ ਪ੍ਰਸ਼ਾਸ਼ਨ ਦਾ ਰਵਇਆ ਦਲਿਤ ਵਿਰੋਧੀ ਹੈ ਜਿਸ ਵਿਚ 163 ਬਸਪਾ ਵਰਕਰਾਂ ਤੇ ਪਰਚੇ ਦਰਜ ਕਰਨਾ, ਅੰਬੇਡਕਰ ਪਾਰਕ ਦੇ ਮੁੱਦੇ ਤੇ ਪੁਲਿਸ ਵਲੋਂ ਬਸਪਾ ਆਗੂਆ ਨਾਲ ਗੁੰਡਾਗਰਦੀ ਕਰਨਾ ਆਦਿ ਨਾ ਬਰਦਾਸ਼ਤਯੋਗ ਹੈ। ਬਸਪਾ ਨੇ ਐਲਾਨ ਕੀਤਾ ਕਿ ਅੱਜ ਪੁਲਿਸ ਦੀ ਗੁੰਡਾਗਰਦੀ ਖਿਲਾਫ਼ ਦਲਿਤ ਪੰਚਾਇਤ ਬੁਲਾਈ ਗਈ ਸੀ ਜੇਕਰ ਜਲੰਧਰ ਦੇ ਪ੍ਰਸ਼ਾਸ਼ਨ ਨੇ ਦਲਿਤ ਸਮਾਜ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਨਾ ਕੀਤਾ ਤਾਂ ਵੱਡੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ।

> ■ 23 ਓਬੀਸੀ ਵਿਧਾਇਕ ਪਿਛੜੀਆਂ ਸ਼੍ਰੇਣੀਆਂ ਦੇ ਹੱਕਾਂ ਦੇ ਮੁੱਦਿਆਂ ਤੇ ਘੂਕ ਸੁੱਤੇ - ਜਸਵੀਰ ਸਿੰਘ ਗੜ੍ਹੀ

# ਦਿਵਯਾਂਗ ਆਜ਼ਾਦੀ ਦਿਵਸ 'ਤੇ ਨੈਕਸਸ ਅੰਮ੍ਰਿਤਸਰ ਵਿਖੇ ਸੰਗੀਤਕ ਪ੍ਰੋਗਰਾਮ ਵਿਚ ਲਾਈਵ ਪ੍ਰਦਰਸ਼ਨ ਕਰਨਗੇ

**• ਅੰਮ੍ਰਿਤਸਰ**

ਅਜ਼ਾਦੀ ਦਿਹਾੜੇ ਮੌਕੇ ਨੈਕਸਸ ਅੰਮ੍ਰਿਤਸਰ ਵੱਲੋਂ ਐਟੀਪੀਕਲ ਐਡਵਾਂਟੇਜ ਮਾਲ ਦੇ ਸਹਿਯੋਗ ਨਾਲ ਅਜ਼ਾਦੀ ਦਾ ਤਿਉਹਾਰ ਅਨੋਖੇ ਢੰਗ ਨਾਲ ਮਨਾਇਆ ਜਾਵੇਗਾ। ਇਸ ਮੌਕੇ 15 ਅਗਸਤ ਨੂੰ ਮਾਲ ਦੇ ਅਹਾਤੇ ਵਿੱਚ ਦਿਵਿਆਂਗਾਂ ਵੱਲੋਂ ਲਾਈਵ ਪ੍ਰਦਰਸ਼ਨ ਪੇਸ਼ ਕੀਤਾ ਜਾਵੇਗਾ। ਇਸ ਵਿੱਚ ਗਾਹਕ ਅਤੇ ਸੰਗੀਤ ਪ੍ਰੇਮੀ ਦਿਵਿਆਂਗ ਗਾਇਕਾਂ ਦੀ ਪ੍ਰਤਿਭਾ ਨੂੰ ਦੇਖਣ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਣਗੇ। ਅਟੈਪੀਕਲ ਐਡਵਾਂਟੇਜ ਵੱਖ-ਵੱਖ ਤੌਰ 'ਤੇ ਅਪਾਹਜ ਲੋਕਾਂ ਨੂੰ ਸ਼ਕਤੀ ਦੇਣ ਲਈ ਕਈ ਸਾਲਾਂ ਤੋਂ ਯਤਨਸ਼ੀਲ ਹੈ। ਇੰਡੀਅਨ ਆਈਡਲ ਰਿਐਲਿਟੀ ਸ਼ੋਅ ਦਾ ਹਿੱਸਾ ਰਹਿ ਰੇਸ਼ਮ ਤਲਵਾਰ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰੇਗੀ। ਇਨ੍ਹਾਂ ਤੋਂ ਇਲਾਵਾ ਇਸ ਮੌਕੇ ਗਾਇਕਾਂ ਦਾ 15 ਮੈਂਬਰੀ ਬੈਂਡ ਵੀ ਸ਼ਿਰਕਤ ਕਰੇਗਾ। ਜੈਨ ਨਾਇਕ, ਸੀ.ਓ.ਓ., ਨੈਕਸਸ ਮਾਲ, ਨੇ ਇਸ ਮੌਕੇ 'ਤੇ ਕਿਹਾ ਕਿ




ਉਨ੍ਹਾਂ ਨੂੰ ਹਮੇਸ਼ਾ ਹੀ ਅਜਿਹੇ ਸਮਾਗਮਾਂ ਦਾ ਆਯੋਜਨ ਕਰਨ 'ਤੇ ਮਾਣ ਹੈ ਜੋ ਪ੍ਰਤਿਭਾ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਨ ਦੀ ਗੱਲ ਆਉਂਦੀ ਹੈ ਅਤੇ ਹਮੇਸ਼ਾ ਸਭ ਤੋਂ ਅੱਗੇ ਰਹੇ ਹਨ। ਇਸ ਆਜ਼ਾਦੀ ਦਿਵਸ ਲਈ, ਮਾਲ ਨੇ ਇਹ ਯਕੀਨੀ ਬਣਾਉਣ ਲਈ ਐਟੀਪੀਕਲ ਐਡਵਾਂਟੇਜ ਨਾਲ ਹੱਥ ਮਿਲਾਇਆ ਹੈ। ਕਿ ਸਾਡੇ ਸਰਪ੍ਰਸਤ ਇਨ੍ਹਾਂ ਵਿਸ਼ੇਸ਼ ਤੌਰ 'ਤੇ ਯੋਗ ਦਿਵਯਾਂਗਾਂ ਦੀ ਸ਼ਾਨਦਾਰ ਪ੍ਰਤਿਭਾ ਦਾ ਅਨੁਭਵ ਕਰ ਸਕਣ।

# ਅਜਾਦੀ ਦੇ ਦਿਹੜੇ ਤਕ ਨੈਕਸਸ ਅਮ੍ਰਿਤਸਰ ਵਿਚ ਭਾਰੀ ਡਿਸਕਾਉਂਟ ਦੀ ਸੌਗ

**• ਅਮ੍ਰਿਤਸਰ**

ਗੁਰੂ ਨਗਰੀ ਅਮ੍ਰਿਤਸਰ ਵਿਚ ਅਜਾਦੀ ਦੇ ਦਿਹਾੜੇ ਤਕ ਸ਼ਾਪਿੰਗ ਦੇ ਦੀਵਾਨਿਆਂ ਦੇ ਲਈ ਨੇਕਸਸ ਅਮ੍ਰਿਤਸਰ ਹੋਰ ਜਿਆਦਾ ਯਾਦਗਾਰ ਬਣਾ ਰਿਹਾ ਹੈ। ਸ਼ਾਪਿੰਗ ਦੇ ਇਸ ਸੁਖੱਦ ਅਨੁਭਵ ਦੇ ਲਈ ਮਾਲ ਵਿਚ ਪ੍ਰੌਡਕਟਸ ਅਤੇ ਬ੍ਰਾਂਡਾਂ ਤੇ ਗਾਹਕਾਂ ਨੂੰ 70 ਫੀਸਦੀ ਦਾ ਫਲੈਟ ਡਿਸਕਾਉਂਟ ਦੇ ਰਿਹਾ ਹੈ । ਇਹ ਡਿਸਕਾਉਂਟ ਆਫਰ 11 ਅਗਸਤ ਤੋਂ ਸ਼ੁਰੂ ਹੋ ਗਈ ਹੈ ਜੋ ਕਿ 15 ਅਗਸਤ ਤਕ ਜਾਰੀ ਰਹੇਗੀ।




# ਵਿਜੀਲੈਂਸ ਬਿਊਰੋ ਵੱਲੋਂ ਫੂਡ ਸਪਲਾਈ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਰਾਕੇਸ਼ ਕੁਮਾਰ ਸਿੰਗਲਾ ਦੀਆਂ ਚਾਰ ਜਾਇਦਾਦਾਂ ਜ਼ਬਤ

**ਚੰਡੀਗੜ੍ਹ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਰਾਕੇਸ਼ ਕੁਮਾਰ ਸਿੰਗਲਾ ਅਤੇ ਉਸ ਦੀ ਪਤਨੀ ਰਚਨਾ ਸਿੰਗਲਾ ਦੀਆਂ ਲੁਧਿਆਣਾ ਸਥਿਤ ਚਾਰ ਜਾਇਦਾਦਾਂ ਜ਼ਬਤ (ਅਟੈਚ) ਕੀਤੀਆਂ ਗਈਆਂ ਹਨ। ਇਹ ਕਾਰਵਾਈ ਡਾ. ਅਜੀਤ ਅੱਤਰੀ ਸਪੈਸ਼ਲ ਜੱਜ, ਲੁਧਿਆਣਾ ਦੀ ਅਦਾਲਤ ਵੱਲੋਂ 8 ਅਗਸਤ, 2023 ਨੂੰ ਜਾਰੀ ਐਡ ਅੰਤਰਿਮ ਅਟੈਚਮੈਂਟ ਆਰਡਰ ਤਹਿਤ ਕੀਤੀ ਗਈ। ਜ਼ਿਕਰਯੋਗ ਹੈ ਕਿ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਉਸ ਦੇ ਨਜ਼ਦੀਕੀ ਰਾਕੇਸ਼ ਕੁਮਾਰ ਸਿੰਗਲਾ ਅਤੇ ਹੋਰਾਂ ਵਿਰੁੱਧ ਸਾਲ 2020-21 ਲਈ ਵੱਖ-ਵੱਖ ਠੇਕੇਦਾਰਾਂ ਨੂੰ ਲੇਬਰ, ਢੋਆ-ਢੋਆਈ ਦੇ ਟੈਂਡਰਾਂ ਦੀ ਗ਼ੈਰ-ਕਾਨੂੰਨੀ ਅਲਾਟਮੈਂਟ ਦੇ ਸਬੰਧ ਵਿੱਚ ਥਾਣਾ ਵਿਜੀਲੈਂਸ ਬਿਊਰੋ, ਲੁਧਿਆਣਾ ਰੇਂਜ ਵਿਖੇ ਐਫ.ਆਈ.ਆਰ. ਨੰ. 11 ਮਿਤੀ 16-08-2022 ਨੂੰ ਆਈ.ਪੀ.ਸੀ. ਦੀ ਧਾਰਾ 420, 409, 467, 468, 471, 120 ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 8, 12, 13 (2) ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਮੁਲਜ਼ਮ ਰਾਕੇਸ਼ ਕੁਮਾਰ ਸਿੰਗਲਾ ਨੂੰ 03.12.2022 ਨੂੰ ਪੀ.ਓ. (ਭਗੌੜਾ) ਐਲਾਨ ਦਿੱਤਾ ਗਿਆ ਸੀ ਅਤੇ ਉਸਦੇ ਖ਼?ਲਾਫ਼ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰਾਕੇਸ਼ ਕੁਮਾਰ ਸਿੰਗਲਾ ਨੇ ਵਿਭਾਗ ਵਿੱਚ ਆਪਣੀ ਤਾਇਨਾਤੀ ਦੌਰਾਨ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਕੇਂਦਰੀ ਵਿਜੀਲੈਂਸ ਕਮੇਟੀ (ਸੀ.ਵੀ.ਸੀ.) ਦੇ ਚੇਅਰਮੈਨ ਵਜੋਂ ਆਪਣੇ ਕਾਰਜਕਾਲ ਦੌਰਾਨ ਕਈ ਜਾਇਦਾਦਾਂ ਖਰੀਦੀਆਂ ਸਨ। ਵਿਜੀਲੈਂਸ ਨੂੰ ਜਾਂਚ ਦੌਰਾਨ ਪਤਾ ਲੱਗਾ ਕਿ ਰਾਕੇਸ਼ ਕੁਮਾਰ ਸਿੰਗਲਾ ਨੇ ਅਬਾਦੀ ਗੁਰੂ ਅਮਰਦਾਸ ਨਗਰ ਲੁਧਿਆਣਾ ਵਿਖੇ ਇੱਕ ਪਲਾਟ (298/66 ਵਰਗ ਗਜ਼), ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ 150-150 ਵਰਗ ਗਜ਼ ਦੇ ਦੋ ਪਲਾਟ, ਰਾਜਗੁਰੂ ਨਗਰ ਲੁਧਿਆਣਾ ਵਿਖੇ ਇਕ ਮਕਾਨ ਨੰ. 164-ਏ (ਖੇਤਰ 300 ਵਰਗ ਗਜ਼) ਅਤੇ ਇੱਕ ਫਲੈਟ (ਖੇਤਰ 193.60 ਵਰਗ ਗਜ਼) ਨੰ. 304, ਸ਼੍ਰੇਣੀ-ਏ, ਦੂਜੀ ਮੰਜ਼ਿਲ, ਆਰ.ਸੀ.ਐਸ. ਪੰਜਾਬ ਸਹਿਕਾਰੀ ਸਭਾ, ਗਜ਼ਟਿਡ ਅਫ਼ਸਰ, ਸੈਕਟਰ 48-ਏ, ਚੰਡੀਗੜ੍ਹ ਪੰਜ ਜਾਇਦਾਦਾਂ ਖਰੀਦੀਆਂ ਸਨ। ਇਹ ਸਾਰੀਆਂ ਪੰਜ ਜਾਇਦਾਦਾਂ ਉਸ ਨੇ 01-04-2011 ਤੋਂ 31-07-2022 ਦੇ ਸਮੇਂ ਦੌਰਾਨ ਆਪਣੀ ਪਤਨੀ ਰਚਨਾ ਸਿੰਗਲਾ ਦੇ ਨਾਂ 'ਤੇ ਖਰੀਦੀਆਂ ਸਨ। ਇਨ੍ਹਾਂ ਵਿੱਚੋਂ ਲੁਧਿਆਣਾ ਸਥਿਤ ਚਾਰ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।

ਇਸ ਸਬੰਧੀ ਰਾਕੇਸ਼ ਕੁਮਾਰ ਸਿੰਗਲਾ ਅਤੇ ਉਸ ਦੀ ਪਤਨੀ ਰਚਨਾ ਸਿੰਗਲਾ ਦੋਵਾਂ ਖ਼?ਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) (ਬੀ), 13(2) ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਐਫ.ਆਈ.ਆਰ ਨੰ. 8 ਮਿਤੀ 19.04.2023 ਨੂੰ ਥਾਣਾ ਵਿਜੀਲੈਂਸ ਬਿਊਰੋ, ਲੁਧਿਆਣਾ ਰੇਂਜ ਵਿਖੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਸਬੰਧੀ ਵੱਖਰਾ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਹ ਦੋਵੇਂ ਪਤੀ-ਪਤਨੀ ਇਸ ਮਾਮਲੇ ਵਿੱਚ ਭਗੌੜੇ ਹਨ। ਉਨ੍ਹਾਂ ਦੱਸਿਆ ਕਿ 01-04-2011 ਤੋਂ 31-07-2022 ਤੱਕ ਦੇ ਜਾਂਚ ਸਮੇਂ ਦੌਰਾਨ ਰਾਕੇਸ਼ ਕੁਮਾਰ ਸਿੰਗਲਾ ਅਤੇ ਉਸ ਦੀ ਪਤਨੀ ਰਚਨਾ ਸਿੰਗਲਾ ਦੀ ਆਮਦਨ 2,59,68,952 ਰੁਪਏ ਸੀ ਜਦੋਂਕਿ ਉਹਨਾਂ ਵੱਲੋਂ 4,43,87,182 ਰੁਪਏ ਖਰਚੇ ਗਏ ਜੋ ਕਿ ਉਹਨਾਂ ਦੀ ਆਮਦਨ ਦੇ ਜ਼ਾਹਰਾ ਸਰੋਤਾਂ ਨਾਲੋਂ 70.92 ਫ਼ੀਸਦੀ (1,84,18,230 ਰੁਪਏ) ਵੱਧ ਹੈ।

Website : www.lokbani.com
lokbani08@gmail.com

# ਸ਼ੇਰਪੁਰ ’ਚ ਨੌਜਵਾਨਾਂ ਅਰੰਭੀ ਮਾਰੂ ਨਸ਼ਿਆਂ ਖ਼ਲਾਫ਼ ਲਹਿਰ ਰੱਖਿਆ ਸੈਮੀਨਾਰ

## ਚਿੱਟੇ ਅਤੇ ਸਰਿੰਜ਼ ਦਾ ਕਿਸੇ ਦੀ ਜ਼ਿੰਦਗੀ ਲੈਣ ਵਿੱਚ ਅਹਿਮ ਰੋਲ ਡਾਕਟਰ ਦੇਣ ਬਚਾਉਣ ਲਈ ਸਹਿਯੋਗ : ਥਾਣਾ ਮੁੱਖੀ




**ਸ਼ੇਰਪੁਰ/ਹਰਜੀਤ ਸਿੰਘ ਕਾਤਿਲ**

ਭਾਵੇਂ ਪਿਛਲੇ ਲੰਬੇ ਸਮੇਂ ਤੋਂ ਮਾਰੂ ਨਸ਼ਿਆਂ ਦੇ ਖ਼ਲਾਫ਼ ਆਵਾਜ਼ਾਂ ਉਠਦੀਆਂ ਆ ਰਹੀਆਂ ਹਨ ਪ੍ਰੰਤੂ ਸਿੱਟੇ ਜ਼ਿਆਦਾ ਸਾਰਥਿਕ ਨਹੀਂ ਨਿਕਲੇ ਤੇ ਕਈਆਂ ਨੂੰ ਇਸ ਦੇ ਖਿਲਾਫ ਆਵਾਜ਼ ਉਠਾਉਣ ਦਾ ਖਾਮਿਆਜ਼ਾ ਵੀ ਭੁਗਤਣਾ ਪਿਆ। ਹੁਣ ਕੁਝ ਸਮੇਂ ਤੋਂ ਫਿਰ ਪੰਜਾਬ ਵਿੱਚ ਨਸ਼ਿਆਂ ਦੇ ਖ਼?ਲਾਫ਼ ਆਵਾਜ਼ ਉੱਠਣੀ ਸ਼ੁਰੂ ਹੋਈ ਹੈ ਜਿਸ ਦੀ ਕਮਾਂਡ ਵੱਡੀ ਗਿਣਤੀ ਸਮਾਜ ਸੇਵੀ ਅਤੇ ਪੜ੍ਹੇ-ਲਿਖੇ ਨੌਜਵਾਨਾਂ ਦੇ ਹੱਥ ਵਿੱਚ ਹੈ ਜੋ ਇੱਕ ਵੱਡਾ ਅਤੇ ਸ਼ਲਾਘਾਯੋਗ ਉਪਰਾਲਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਦੇਰ ਸ਼ਾਮ ਕਸਬਾ ਸ਼ੇਰਪੁਰ ਦੇ ਨੌਜਵਾਨਾਂ ਵੱਲੋਂ ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਸਾਹਿਬ ਵਿਖੇ ਮਾਰੂ ਨਸ਼ਿਆਂ ਖਿਲਾਫ ਸੱਦੀ ਗਈ ਵਿਸ਼ੇਸ਼ ਇਕੱਤਰਤਾ ਦੌਰਾਨ ਜੋ ਇੱਕ ਸੈਮੀਨਾਰ ਹੋ ਨਿਬੜੀ ਵਿੱਚ ਸੰਬੋਧਨ ਕਰਦਿਆਂ ਕਾਮਰੇਡ ਹਰਗੋਬਿੰਦ ਸਿੰਘ , ਡਾਕਟਰ ਜਗਜੀਵਨ ਸਿੰਘ ਡੀ ਐਚ ਓ ਸੇਵਾ ਮੁਕਤ , ਨਾਮਵਰ ਲੇਖਕ ਸੁਖਦੇਵ ਸਿੰਘ ਔਲਖ, ਸੈਨਿਕ ਆਗੂ ਹਰਜੀਤ ਸਿੰਘ , ਸਾਬਕਾ ਸਰਪੰਚ ਜਸਮੇਲ ਸਿੰਘ ਬੜੀ ਪ੍ਰਧਾਨ ਬਲਾਕ ਕਾਂਗਰਸ ਸ਼ੇਰਪੁਰ , ਮਾਸਟਰ ਚਰਨ ਸਿੰਘ ਜਵੰਧਾ, ਡਾਕਟਰ ਕਰਨਵੀਰ , ਸੰਦੀਪ ਸਿੰਘ ਗੋਪੀ ਗਰੇਵਾਲ ਨੇ ਕੀਤਾ। ਆਗੂਆਂ ਨੇ ਵਿਚਾਰ ਪਰਗਟ ਕਰਦਿਆਂ ਕਿਹਾ ਇਸ ਦਾ ਕਾਰਨ ਬੇਰੁਜ਼ਗਾਰੀ , ਧਨਾਢ ਲੋਕਾਂ ਦਾ ਸ਼ੋਂਕ ਅਤੇ ਨਸ਼ੇ ਦੀ ਗਿਰਫ਼ਤ ਵਿੱਚ ਆਏ ਲੋਕਾਂ ਦੀ ਸੰਗਤ ਵੀ ਹੈ। ਜਿਸਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਨਸ਼ਾ ਵੇਚਣ ਵਾਲੇ ਲੋਕਾਂ ਦੇ ਘਰ ਟ?ਰੇਸ ਕਰਨੇ ਹੋਣਗੇ , ਪੀੜਤ ਲੋਕਾਂ ਦੇ ਹਮਦਰਦ ਬਣਕੇ ਉਨ੍ਹਾਂ ਦੇ ਇਲਾਜ ਲਈ ਅੱਗੇ ਆਉਣਾ ਪਵੇਗਾ। ਪੁਲਿਸ ਪ੍ਰਸ਼ਾਸਨ ਨਾਲ ਟਕਰਾਓ ਨਾ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਚੱਲਣਾ ਪਵੇਗਾ।

ਇਸ ਇਕੱਤਰਤਾ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸਬ ਇੰਸਪੈਕਟਰ ਅਵਤਾਰ ਸਿੰਘ ਧਾਲੀਵਾਲ ਥਾਣਾ ਮੁਖੀ ਸ਼ੇਰਪੁਰ ਨੇ ਜਿੱਥੇ ਇਸ ਲਈ ਨੌਜਵਾਨਾਂ ਅਤੇ ਪਿੰਡ ਦੇ ਪਤਵੰਤੇ ਲੋਕਾਂ ਨੂੰ ਵਧਾਈ ਦਿੱਤੀ ਉੱਥੇ ਆਪਣੇ ਵੱਲੋਂ ਜੋ ਕਮੇਟੀ ਚੁਣੀ ਜਾਵੇਗੀ ਪੂਰਾ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਉਨ੍ਹਾਂ ਕਿਹਾ ਚਿੱਟੇ ਅਤੇ ਸਰਿੰਜ ਦਾ ਕਿਸੇ ਦੀ ਜ਼ਿੰਦਗੀ ਲੈਣ ਵਿੱਚ ਅਹਿਮ ਰੋਲ ਹੈ ਇਸ ਲਈ ਸਭ ਤੋਂ ਪਹਿਲਾਂ ਡਾਕਟਰ ਸਾਹਿਬਾਨਾਂ ਨਾਲ ਮੀਟਿੰਗ ਜਰੂਰੀ ਹੋਣੀ ਚਾਹੀਦੀ ਹੈ ਤਾਂ ਕਿ ਉਹ ਬਿਨਾਂ ਪਰਚੀ ਤੋਂ ਸਰਿੰਜਾਂ ਅਤੇ ਹੋਰ ਨਸ਼ੇ ਵਾਲੀਆਂ ਦਵਾਈਆਂ ਦੇਣ ਤੋਂ ਪਹਿਲਾਂ ਸੋਚ ਵਿਚਾਰ ਕਰ ਲੈਣ। ਉਪਰੰਤ ਓਹਨਾਂ ਕਿਹਾ ਜਿਨ੍ਹਾਂ ਪਰਿਵਾਰਾਂ ਵਿੱਚ ਨਸ਼ੇ ਦੀ ਸ਼ਮੂਲੀਅਤ ਹੋ ਚੁੱਕੀ ਹੈ ਉਹ ਪਰਿਵਾਰ ਬਿਨਾਂ ਡਰ ਭੈਅ ਦੇ ਥਾਣਾ ਸ਼ੇਰਪੁਰ ਜਾਂ ਚੁਣੀ ਗਈ ਕਮੇਟੀ ਤੋਂ ਇਲਾਵਾ ਪਿੰਡ ਦੇ ਪਤਵੰਤੇ ਲੋਕਾਂ ਨਾਲ ਸਾਡੇ ਨਾਲ ਸੰਪਰਕ ਕਰ ਸਕਦੇ ਹਨ ਜਿਨ੍ਹਾਂ ਦੇ ਇਲਾਜ ਲਈ ਪੁਲਿਸ ਪ੍ਰਸ਼ਾਸਨ ਅਤੇ ਪਤਵੰਤੇ ਲੋਕਾਂ ਦੀ ਮਦਦ ਨਾਲ ਪੂਰਨ ਸਹਿਯੋਗ ਦਿੱਤਾ ਜਾਵੇਗਾ। ਅਖੀਰ ਵਿੱਚ ਮੋਢੀ ਨੌਜਵਾਨਾਂ ਵੱਲੋਂ ਜਲਦ ਹੀ ਕਮੇਟੀ ਚੁਣੇ ਜਾਣ ਬਾਰੇ ਜਾਣਕਾਰੀ ਦਿੰਦਿਆਂ ਇਲਾਕੇ ਦੇ ਪਿੰਡਾਂ ਵਿੱਚੋਂ ਆਏ ਨੁਮਾਇੰਦਿਆਂ ਨੂੰ ਆਪਣੇ ਪਿੰਡਾਂ ’ਚੋ ਨਾਮ ਦੇਣ ਦੀ ਅਪੀਲ ਕੀਤੀ। ਇਸ ਮੌਕੇ ਦੀਦਾਰ ਸਿੰਘ, ਹਰਪ੍ਰੀਤ ਸਿੰਘ, ਸੁਨੀਲ ਸ਼ਰਮਾ ਹੈਪੀ ,ਗੁਰਪ੍ਰੀਤ ਸਿੰਘ ਥਿੰਦ, ਗਗਨਦੀਪ ਸਿੰਘ ਕਮਲਜੀਤ ਸਿੰਘ ਪਰਗਟ ਪ੍ਰੀਤ ਸ਼ੇਰਪੁਰ , ਨਾਜਰ ਸਿੰਘ ਜਵੰਦਾ, ਹਰਵਿੰਦਰ ਸਿੰਘ ਭੀਮਾ, ਤਜਿੰਦਰ ਸਿੰਘ ਟੈਲੀਕਾਮ , ਦਰਸ਼ਨ ਸਿੰਘ ਪੰਧੇਰ ,ਰਜਿੰਦਰ ਸਿੰਘ ਫੱਗਾ , ਬਹਾਲ ਸਿੰਘ, ਗੁਰਜੰਟ ਸਿੰਘ, ਪਰਦੀਪ ਸਿੰਘ ,ਹਰਪ੍ਰੀਤ ਸਿੰਘ, ਵਿੱਕੀ ਸ਼ਰਮਾ, ਦਲਵੀਰ ਸਿੰਘ, ਅਮਰਜੀਤ ਸਿੰਘ , ਡਾਕਟਰ ਰਣਜੀਤ ਸਿੰਘ ਕਾਲਾਬੂਲਾ , ਵਰਿੰਦਰ ਸਿੰਘ ਵਿੱਕੀ ਸ਼ੇਰਪੁਰ, ਸੁਖਜੀਤ ਸਿੰਘ ਬੜੀ ,ਸੰਤ ਸਿੰਘ ਬੜੀ , ਜਗਤਾਰ ਸਿੰਘ ਖੇੜੀ ਕਲਾਂ, ਮੇਜਰ ਸਿੰਘ ਘਨੌਰੀ ਕਲਾ ਹਰਜੀਤ ਸਿੰਘ ਪੰਜਗਰਾਈਆਂ, ਰੋਮੀ ਮਿੱਤਲ ਸ਼ੇਰਪੁਰ , ਗੁਰਦੀਪ ਸਿੰਘ ਕਾਤਰੋਂ , ਇੰਦਰਜੀਤ ਸਿੰਘ ਬੜੀ ਚਮਕੌਰ ਸਿੰਘ ਪੱਤੀ ਖਲੀਲ, ਹਰਦੀਪ ਸਿੰਘ ਸ਼ੇਰਪੁਰ, ਜਸਕਰਨ ਸਿੰਘ ਸ਼ੇਰਪੁਰ ਹਰਮੀਤ ਸਿੰਘ ਸ਼ੇਰਪੁਰ ਜਗਜੀਤ ਸਿੰਘ ਹੇੜੀਕੇ , ਸੰਦੀਪ ਸਿੰਘ, ਕੈਪਟਨ ਸੁਖਦੇਵ ਸਿੰਘ ਸ਼ੇਰਪੁਰ, ਸਤਿੰਦਰ ਕੁਮਾਰ ਹਨੀ ਸ਼ੇਰਪੁਰ ਤੋਂ ਇਲਾਵਾ ਵੱਡੀ ਗਿਣਤੀ ਇਲਾਕੇ ਦੇ ਨੌਜਵਾਨ ਅਤੇ ਪਤਵੰਤੇ ਮੌਜੂਦ ਸਨ।

# ਮਾਸਟਰ ਸੰਜੀਵ ਧਰਮਾਣੀ ਦੀ ਨਵੀਂ ਪੁਸਤਕ ‘ਹੈਲੋ ! ਲੰਦਨ’ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਸ ਜੀ ਵਲੋਂ ਰੀਲੀਜ਼



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਦੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਦੀ ਨਵੀਂ ਗਿਆਨਵਰਧਕ ਤੇ ਖੋਜ ਭਰਪੂਰ ਪੁਸਤਕ ‘ ਹੈਲੋ ! ਲੰਦਨ’ ਸਿੱਖਿਆ ਮੰਤਰੀ ਪੰਜਾਬ ਸਰਕਾਰ ਸ. ਹਰਜੋਤ ਸਿੰਘ ਬੈਸ ਜੀ ਵਲੋਂ ਰੀਲੀਜ਼ ਕੀਤੀ ਗਈ। ਦੱਸਣਯੋਗ ਹੈ ਕਿ ਜਿੱਥੇ ਮਾਸਟਰ ਸੰਜੀਵ ਧਰਮਾਣੀ ਇੱਕ ਸੰਘਰਸ਼ਸ਼ੀਲ ਇਨਸਾਨ ਤੇ ਪੁਸਤਕ - ਪ੍ਰੇਮੀ , ਕੁਦਰਤ -ਪ੍ਰੇਮੀ ਹਨ , ਉੱਥੇ ਹੀ ਉਹ ਬਤੌਰ ਪੰਜਾਬੀ ਲੇਖਕ ਅੰਤਰਰਾਸ਼ਟਰੀ ਪੱਧਰ ਤੱਕ ਆਪਣੀ ਪਹਿਨਣ ਬਣਾ ਚੁੱਕੇ ਹਨ ਅਤੇ ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜਾਂ ਲਈ ਉਹਨਾਂ ਦਾ ਨਾਂ ਇੰਡੀਆ ਬੁੱਕ ਆੱਫ ਰਿਕਾਰਡਜ਼ ਵਿੱਚ ਵੀ ਦਰਜ਼ ਹੋ ਚੁੱਕਾ ਹੈ। ਇਸ ਸ਼ੁਭ ਮੌਕੇ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਪਰਮਾਤਮਾ ਦੀ ਰਜ਼ਾ ਤੋਂ ਬਿਨਾਂ ਇੱਕ ਪੱਤਾ ਵੀ ਨਹੀਂ ਹਿੱਲ ਸਕਦਾ ਤੇ ਅੱਜ ਮੈਂ ਜਿਸ ਮੁਕਾਮ ’ਤੇ ਹਾਂ ਇਹ ਸਭ ਪਰਮਾਤਮਾ ਦੇ ਹੁਕਮ , ਬਜ਼ੁਰਗਾਂ ਦੇ ਆਸ਼ੀਰਵਾਦ ਅਤੇ ਸਹਿਯੋਗੀਆਂ ਦੇ ਪਿਆਰ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਨੇ ਅੱਜ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਚੰਗਾ ਸਾਹਿਤ ਪੜ੍ਹਨ ਦੀ ਅਪੀਲ ਕੀਤੀ। ਮਾਸਟਰ ਸੰਜੀਵ ਧਰਮਾਣੀ ਨੇ ਬਹੁਤ ਹੀ ਸਤਿਕਾਰਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਸ ਜੀ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸ. ਗੁਰਮੇਲ ਸਿੰਘ ਜੀ , ਹੇਮਰਾਜ , ਨਿਤਿਨ ਕੁਮਾਰ , ਰੋਹਿਤ ਕੁਮਾਰ , ਰੋਹਿਤ ਕਾਲੀਆ , ਅਜੇ ਕੁਮਾਰ ਬੈਸ , ਕਮਲ ਸਹਿਗਲ , ਮਾਸਟਰ ਸੰਜੀਵ ਧਰਮਾਣੀ , ਅਸ਼ਵਨੀ ਭਾਰਦਵਾਜ ਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।

# ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਿਖੇ ਤੀਆਂ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਇਆ



**• ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਿਖੇ ਲੇਡੀਜ ਡਾਕਟਰਾਂ ਦੀ ਟੀਮ ਅਤੇ ਸਫਾਟ ਵਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ ਇਹ ਤੀਆਂ ਦਾ ਤਿਉਹਾਰ ਸੀਨੀਅਰ ਡਾਕਟਰ ਅਮਨਦੀਪ ਸੂਰੀ ਅਗਵਾਈ ਹੇਠ ਚਾਵਾਂ ਨਾਲ ਮਨਾਇਆ ਗਿਆ । ਇਸ ਮੌਕੇ ਪੰਜਾਬੀ ਵਿਰਸੇ ਨੂੰ ਦਰਸਾਉਂਦੀਆ ਹੋਈਆਂ ਰੰਗ ਬਰੰਗੀਆਂ ਪੁਸ਼ਾਕਾਂ ਪਹਿਨ ਕੇ ਸਮੂਹ ਡਾਕਟਰਾਂ ਦੀ ਟੀਮ ਅਤੇ ਸਟਾਫ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਿਖੇ ਸਮਾਗਮ ਵਿੱਚ ਸ਼ਿਰਕਤ ਕੀਤੀ ਇਸ ਮੌਕੇ ਫੁੱਲਾਂ ਨਾਲ ਸਜਾਈਆਂ ਹੋਈਆਂ ਪੀਂਘਾਂ ਝੂਟ ਕੇ ਕੀਤੀ ਗਈ । ਸਟਾਫ ਵਲੋਂ ਪੀਂਘਾਂ ਦੇ ਹੁਲਾਰਿਆਂ ਦੇ ਨਾਲ ਨਾਲ ਲੋਕ ਗੀਤ ਵੀ ਗਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਸਨ । ਇਸ ਉਪਰੰਤ ਬਹੁਤ ਹੀ ਸੁਚੱਜੇ ਢੰਗ ਨਾਲ ਸਜਾਏ ਗਏ ਪੰਡਾਲ ਵਿੱਚ ਰੰਗਾ ਰੰਗ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ । ਲੱਗਭਗ ਤਿੰਨ ਘੰਟੇ ਦੇ ਪ੍ਰੋਗਰਾਮ ਵਿੱਚ ਲੇਡੀਜ ਡਾਕਟਰਾਂ ਅਤੇ ਸਮੂਹ ਸਟਾਫ ਨੇ ਗਿੱਧਾ ,ਭੰਗੜਾ, ਲੋਕ ਗੀਤ ਅਤੇ ਕਿੱਕਲੀ ਆਦਿ ਦੀਆਂ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਖੂਬ ਮਨ ਪਰਚਾਵਾ ਕੀਤਾ । ਪ੍ਰਬੰਧਕਾਂ ਵੱਲੋਂ ਬਹੁਤ ਹੀ ਵਧੀਆ ਪੰਡਾਲ ਅਤੇ ਮਿਊਜ਼ਿਕ ਸਿਸਟਮ ਦਾ ਪ੍ਰਬੰਧ ਕੀਤਾ ਗਿਆ ਸੀ ਇਸ ਸਮੇਂ ਮੁੱਖ ਮਹਿਮਾਨ ਸੂਰੀ ਹਸਪਤਾਲ ਦੇ ਮਾਲਕ ਡਾਕਟਰ ਭੁਪਿੰਦਰ ਸੂਰੀ ਵੱਲੋਂ ਆਪਣੇ ਸੰਖੇਪ ਭਾਸ਼ਣ ਦਿੱਤਾ ਜਿਸ ਵਿੱਚ ਕਿਹਾ ਗਿਆ ਕਿ ਅਜੋਕੇ ਯੁੱਗ ਵਿੱਚ ਲੜਕੀਆਂ ਵੀ ਲੜਕਿਆਂ ਨਾਲੋਂ ਕਿਸੇ ਪੱਖੋਂ ਘੱਟ ਨਹੀ। ਸਾਨੂੰ ਧੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਪੜ੍ਹਾਉਣਾ ਵੀ ਚਾਹੀਦਾ ਹੈ । ਉਹਨ੍ਹਾਂ ਇਸ ਸਮਾਗਮ ਦੀ ਸਫਲਤਾ ਲਈ ਡਾਕਟਰ ਅਮਨਦੀਪ ਸੂਰੀ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ ਸਟਾਫ ਵਲੋਂ ਇਹ ਤੀਆਂ ਦਾ ਤਿਉਹਾਰ ਇੱਕ ਯਾਦਗਾਰੀ ਸਮਾਗਮ ਹੋ ਨਿੱਬੜਿਆ।ਇਸ ਮੌਕੇ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਲੋਂ ਸਮੂਹ ਸਟਾਫ ਨੂੰ ਸਨਮਾਨਿਤ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਚੇਤਨਾ ਪਰਖ਼ ਪ੍ਰੀਖਿਆ ਦੇ ਸੁਚਾਰੂ ਪ੍ਰਬੰਧ ਲਈ ਕੇਂਦਰ ਸੁਪਰਡੈਂਟ ਤੇ ਪ੍ਰੀਖਿਆ ਨਿਗਰਾਨ ਨਿਯੁਕਤ ਕੀਤੇ

## ਇਕਾਈ ਸੰਗਰੂਰ ਵਲੋਂ ਬਣਾਏ 12 ਪ੍ਰੀਖਿਆ ਕੇਂਦਰਾਂ ਵਿੱਚ 1865 ਬੱਚੇ ਪ੍ਰੀਖਿਆ ਦੇਣਗੇ

**ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**

ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ ਮੀਟਿੰਗ ਵਿੱਚ ਸਥਾਨਕ ਇਕਾਈ ਵੱਲੋਂ ਚੇਤਨਾ ਪਰਖ ਪ੍ਰੀਖਿਆ ਦੇ ਬਣਾਏ 12 ਪ੍ਰੀਖਿਆ ਕੇਂਦਰਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਤੇ ਇਨ੍ਹਾਂ ਲਈ ਕੇਂਦਰ ਸੁਪਰਡੈਂਟ ਤੇ ਪ੍ਰੀਖਿਆ ਨਿਗਰਾਨ ਨਿਯੁਕਤ ਕੀਤੇ ਗਏ।ਮੀਡੀਆ ਮੁਖੀ ਚਰਨ ਕਮਲ ਸਿੰਘ ਤੇ ਸੀਤਾ ਰਾਮ ਨੇ ਦੱਸਿਆ ਕਿ ਪ੍ਰੀਖਿਆ ਕੇਂਦਰ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿੱਖੇ ਲੈਕਚਰਾਰ ਧਨੀ ਰਾਮ ,ਸਸਸਸ ਬਡਰੁੱਖਾਂ ਵਿਚ ਲੈਕਚਰਾਰ ਕ੍ਰਿਸ਼ਨ ਸਿੰਘ,ਸਸਸਸ ਭਲਵਾਨ ਵਿਖੇ ਲੈਕਚਰਾਰ ਕੁਲਦੀਪ ਸਿੰਘ, ਸਸਸਸ ਬਾਲੀਆਂ ਵਿਖੇ ਲੈਕਚਰਾਰ ਸੰਜੀਵ ਕੁਮਾਰ,,ਸਸਸਸ ਭਵਾਨੀਗੜ੍ਹ ਲੜਕੇ ਵਿਖੇ ਮਾਸਟਰ ਹਰੀਸ਼ ਕੁਮਾਰ,ਸਸਸਸ ਘਰਾਚੋਂ ਵਿਖੇ ਲੈਕਚਰਾਰ ਜਸਦੇਵ ਸਿੰਘ,ਸਸਸਸ ਚੂੜਲ ਕਲਾਂ ਵਿਖੇ ਜਨਮੇਧ ਸਿੰਘ ਤੇ ਅਵਤਾਰ ਸਿੰਘ,ਸਹਸਕੂਲ ਗਾਗਾ ਵਿਖੇ ਨਰੇਸ਼ ਕੁਮਾਰ ਤੇ ਜਗਨ ਨਾਥ ਬਖੋਰਾ ,ਸਪਰਿੰਗਡੇਲਜ ਪਬਲਿਕ ਸਕੂਲ ਪ੍ਰਿੰਸੀਪਲ ਵਿਖੇ ਸੁਖਦੇਵ ਸਿੰਘ ਕਿਸ਼ਨਗੜ੍ਹ,ਸਸਸਸ ਤੁੰਗਾਂ ਵਿਖੇ ਮਾਸਟਰ ਚਰਨ ਕਮਲ ਸਿੰਘ,ਸਹਸਕੂਲ ਕੁਲਾਰ ਖੁਰਦ ਵਿਖੇ ਲੈਕਚਰਾਰ ਸ਼ਮਸ਼ੇਰ ਸਿੰਘ,ਸਸਸਸ ਮਹਿਲਾਂ ਵਿਖੇ ਲੈਕਚਰਾਰ ਲਖਵੀਰ ਸਿੰਘ ਬਤੌਰ ਸੁਪਰਡੈਂਟ ਡਿਊਟੀ ਦੇਣਗੇ ਇਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ ਨਿਗਰਾਨ ਵੀ ਨਿਯੁਕਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਕੌਮੀ ਤਰਕਸ਼ੀਲ ਆਗੂ ਡਾਕਟਰ ਨਰਿੰਦਰ ਦਾਭੋਲਕਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਗਸਤ ਮਹੀਨੇ ਵੰਡੀਆਂ ਜਾਣ ਵਾਲੀਆਂ ਦੁਵਰਕੀਆਂ ,ਜਿਸ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਲੋਕਾਂ ਨੂੰ ਵਿਗਿਆਨਕ ਸੋਚ ਵਿਕਸਤ ਕਰਨ ਦਾ ਸੁਨੇਹਾ , ਜਿਸ ਵਿੱਚ ਨਰਿੰਦਰ ਦਾਭੋਲਕਰ ਬੋਲਦਾ ਹੈ÷ ਪੜ੍ਹੋ,ਵਿਚਾਰੋ ਤੇ ਅਮਲ ਕਰੋ ਨੂੰ ਵੰਡਣ ਬਾਰੇ ਜ਼ਿਮੇਵਾਰੀਆਂ ਲਾਈਆਂ ਗਈਆਂ।ਇਕ ਸਤੰਬਰ ਤੋਂ ਜੋਨ ਸੰਗਰੂਰ- ਬਰਨਾਲਾ ਵਿਚ ਵਿਗਿਆਨਕ ਸੋਚ ਵਾਲੀਆਂ ਪੁਸਤਕਾਂ ਲੈ ਕੇ ਆ ਰਹੀ ਤਰਕਸ਼ੀਲ ਸਾਹਿਤ ਵੈਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਤਰਕਸ਼ੀਲ ਸਾਹਿਤ ਵੈਨ ਦੇ ਅੱਡ ਅੱਡ ਪੜਾ ਬਣਾਏ ਗਏ।ਮਾਸਟਰ ਪਰਮ ਵੇਦ ਤੇ ਸੁਰਿੰਦਰ ਪਾਲ ਨੇ ਦੱਸਿਆ ਕਿ ਇਕਾਈ ਸੰਗਰੂਰ ਵਲੋਂ ਬਣਾਏ 12 ਪ੍ਰੀਖਿਆ ਕੇਂਦਰਾਂ ਵਿੱਚ 1865 ਬੱਚੇ ਪ੍ਰੀਖਿਆ ਦੇਣਗੇ।ਪ੍ਰੀਖਿਆ ਨਕਲ ਰਹਿਤ ਹੋਵੇਗੀ ਤੇ ਮੁਲੰਕਣ ਕੰਪਿਊਟਰ ਰਾਹੀਂ ਹੋਵੇਗਾ।ਬੱਚਿਆਂ ਨੂੰ ਕਿਸੇ ਕਿਸਮ ਦੀ ਔਖਿਆਈ ਨਹੀਂ ਆਉਣ ਦਿੱਤੀ ਜਾਵੇਗੀ। ਵਿਦਿਆਰਥੀ ਨੂੰ ਆਪੋ ਆਪਣੇ ਪ੍ਰੀਖਿਆ ਕੇਂਦਰਾਂ ਵਿੱਚ ਸਵੇਰੇ 9 ਵਜੇ ਪਹੁੰਚਣ ਦੀ ਹਦਾਇਤ ਕੀਤੀ ਗਈ ਹੈ ।



ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ ਲਹਿਰਾ, ਸੀਤਾ ਰਾਮ, ਕ੍ਰਿਸ਼ਨ ਸਿੰਘ, ,ਮਾਸਟਰ ਅਮਰ ਸਿੰਘ, ਲੈਕਚਰਾਰ ਸੰਜੀਵ ਕੁਮਾਰ, ਪ੍ਰਗਟ ਸਿੰਘ ਬਾਲੀਆ, ਸੁਖਦੇਵ ਸਿੰਘ ਕਿਸ਼ਨਗੜ੍ਹ, ਲੈਕਚਰਾਰ ਧਨੀ ਰਾਮ,ਹੈਡ ਮਾਸਟਰ ਜਨਮੇਧ ਸਿੰਘ ਬਖੋਰਾ, ਪੋਸਟ ਮਾਸਟਰ ਦਰਸ਼ਨ ਸਿੰਘ , ਚਰਨ ਕਮਲ ਸਿੰਘ, ਰਘਵੀਰ ਸਿੰਘ ਤੇ ਧਰਮਵੀਰ ਸਿੰਘ ਨੇ ਸ਼ਮੂਲੀਅਤ ਕੀਤੀ ।

# ਛੋਟਾ ਹਾਥੀ ਹਥਿਆਰਾਂ ਦੀ ਨੌਕ ਤੇ ਖੋਹ ਕੇ ਭੱਜਣ ਵਾਲੇ ਦੋ ਨੌਜਵਾਨਾਂ ਨੂੰ ਕਾਠਗੜ੍ਹ ਪੁਲਿਸ ਨੇ ਕੀਤਾ ਕਾਬੂ

**• ਬਲਾਚੌਰ/ਕਾਠਗੜ੍ਹ/ਜਤਿੰਦਰ ਪਾਲ ਸਿੰਘ ਕਲੇਰ**

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਡਾ ਆਖਿਲ ਚੌਧਰੀ ਦੇ ਦਿਸ਼ਾ-ਨਿਰਦੇਸ਼ਾ ਦੀ ਸਖਤੀ ਨਾਲ ਪਾਲਣਾ ਕਰਦੇ ਹੋਏ ਬਲਾਚੌਰ ਦੇ ਡੀਐਸਪੀ ਸ਼ਾਮ ਸੁੰਦਰ ਸ਼ਰਮਾ ਅਤੇ ਥਾਣਾ ਕਾਠਗੜ੍ਹ ਦੇ ਐਸ ਐਚ ਓ ਇੰਸਪੈਕਟਰ ਪਰਮਿੰਦਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਏ ਦੱਸਿਆ ਕਿ ਸ਼ੰਕਰ ਨਾਥ ਵਾਸੀ ਮੁਬਾਰਕਪੁਰ ਕੈਂਪ ਜ਼ਿਲ੍ਹਾ ਮੋਹਾਲੀ ਦਰਜ ਰਜਿਸਟਰ ਕਰਵਾਇਆ ਗਿਆ ਕਿ ਉਹ ਪ੍ਰਾਈਵੇਟ ਤੌਰ ਤੇ ਅੱਛੇ ਲਾਲ ਵਾਸੀ ਪਿੰਡ ਮੁਬਾਰਕਪੁਰ ਕੈਂਪ ਜ਼ਿਲ੍ਹਾ ਮੋਹਾਲੀ ਦਾ ਛੋਟਾ ਹਾਥੀ ਗੜੀ ਨਬਰੀ PB.FE ਏ ਯੂ4083 ਪਰ ਡਰਾਇਵਰ ਹਾਂ। ਮਿਤੀ 09 ਅਗਸਤ ਨੂੰ ਉਹ ਸਮੇਤ ਪਿੰਕੂ ਸਿੰਘ ਵਾਸੀ ਪਿੰਡ ਥਰੇਸਾ ਜਿਲਾ ਮੁਰਾਦਾਵਾਦ ਹਾਲ ਵਾਸੀ ਪਿੰਡ ਮੁਬਾਰਕਪੁਰ ਕੈਂਪ ਜ਼ਿਲ੍ਹਾ ਮੋਹਾਲੀ ਦੇ ਨਾਲ ਆਪਣੇ ਮਾਲਕਾਂ ਦਾ ਛੋਟਾ ਹਾਥੀ ਨਬਰੀ ਉਕਤ ਲੈ ਕੇ ਸਿਵਲ ਹਸਪਤਾਲ ਡੇਰਾ ਬੱਸੀ ਤੋਂ ਹਸਪਤਾਲ ਦਾ ਸਮਾਨ ਲੈ ਕੇ ਸ਼੍ਰੀ ਅੰਮ੍ਰਿਤਸਰ ਅਤੇ ਪਠਾਨਕੋਟ ਸਿਵਲ ਹਸਪਤਾਲ ਲਈ ਚਲੋ ਸੀ ਜੋ ਮਿਤੀ 12 ਅਗਸਤ ਨੂੰ ਸਿਵਲ ਹਸਪਤਾਲ ਪਠਾਨਕੋਟ ਵਿਖੇ ਸਮਾਨ ਲਾਹ ਕੇ ਵਾਪਿਸ ਡੇਰਾ ਬੱਸੀ ਨੂੰ ਜਾ ਰਹੇ ਸੀ ਤਾ ਨੈਸ਼ਨਲ ਹਾਈਵੇ ਬਲਾਚੌਰ ਤੇ ਰੋਪੜ ਚੰਡੀਗੜ ਰੋਡ ਪਰ ਜਦੋਂ ਉਹ ਪਿੰਡ ਭਰਥਲਾ ਬੱਸ ਸਟੈਂਡ ਦੇ ਸ਼ੇਡ ਪਾਸ ਰਾਤ ਦਾ ਸਮਾਂ ਹੋਣ ਕਾਰਨ ਗਡੀ ਸਾਈਡ ਤੇ ਲਾ ਕੇ ਉਹ ਦੋਨੋਂ ਛੋਟਾ ਹਾਥੀ (ਗੱਡੀ) ਦੇ ਸ਼ੀਸ਼ੇ ਖੋਲ ਕੇ ਅਰਾਮ ਕਰਨ ਲੱਗ ਪਏ ਤਾ ਵਕਤ ਕਰੀਬ 11:30 ਦਾ ਹੋਵੇਗਾ, ਤਾਂ ਇੱਕ ਮੋਟਰਸਾਇਕਲ ਸਾਡੀ ਗੱਡੀ ਦੇ ਲਾਗੇ ਰੁਕਿਆ ਤਾਂ ਦੋ ਮੋਨੇ ਨੌਜਵਾਨ ਨੇ ਉਹਨਾਂ ਨੂੰ ਉਠਾਲਿਆ, ਦੋਨਾ ਨੌਜਵਾਨਾਂ ਨੇ ਆਪਣੇ ਹੱਥ ਵਿਚ ਦਾਤਰ ਫੜੇ ਹੋਏ ਸਨ, ਜਿਹਨਾ ਨੇ ਸਾਨੂੰ ਮਾਰ ਦੇਣ ਦੀ ਧਮਕੀ ਦਿੱਤੀ ਅਤੇ ਸਾਨੂੰ ਛੋਟਾ ਹਾਥੀ (ਗੱਡੀ) ਵਿਚੋਂ ਉਤਰਨ ਲਈ ਕਿਹਾ ਤਾਂ ਉਹ ਦੋਵੇਂ ਗਡੀ ਵਿਚੋਂ ਉਤਰ ਗਏ, ਇਹਨਾ ਵਿਚੋ ਮੋਟੇ ਨੌਜਵਾਨ ਨੇ ਮੇਰਾ ਫੋਨ ਖੋਹ ਲਿਆ ਅਤੇ ਗੱਡੀ ਦੀ ਚਾਬੀ ਉਸ ਤੋਂ ਖੋਹ ਲਈ, ਮੋਟਾ ਨੌਜਵਾਲ ਛੋਟਾ ਹਾਥੀ (ਗੱਡੀ) ਵਿਚ ਬੈਠ ਗਿਆ ਅਤੇ ਦੂਜਾ ਨੌਜਵਾਨ ਆਪਣੇ ਮੋਟਰਸਾਇਕਲ ਤੇ ਸਵਾਰ ਹੋ ਗਿਆ, ਜੋ ਦੋਨੋਂ ਸਾਡੇ ਛੋਟਾ ਹਾਥੀ (ਗੱਡੀ) ਖੋਹ ਕੇ ਗੱਡੀ ਮੋੜ ਕੇ ਬਲਾਚੌਰ ਸਾਇਡ ਨੂੰ ਭਜਾ ਕੇ ਲੈ ਗਏ, ਦੂਜਾ ਨੌਜਵਾਲ ਮੋਟਰਸਾਇਕਲ ਉਸ ਦੇ ਪਿੱਛੇ ਲੈ ਕੇ ਜਾਣ ਲੱਗਾ ਮੋਟਰਸਾਇਕਲ ਕਾਲੇ ਰੰਗ ਦਾ ਸਪਲੈਂਡਰ ਸੀ।ਜਿਸ ਤੇ ਕਾਰਵਾਈ ਕਰਦੇ ਹੋਏ ਏਐਸਆਈ ਪ੍ਰੇਮ ਲਾਲ ਥਾਣਾ ਕਾਠਗੜ ਵਲੋਂ ਬਿਆਨ ਕਲਮਬੰਦ ਕਰਕੇ ਮੁਕੱਦਮਾ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿਚ ਲਿਆਂਦੀ।




# ਚੰਗਰ ਇਲਾਕੇ ਦੇ ਪਿੰਡ ਕਾਹੀਵਾਲ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਬਣੇ ਖੇਡ ਗਰਾਉਂਡ ਨੇ ਬਦਲੀ ਚੰਗਰ ਦੀ ਨੁਹਾਰ



**■ ਗਰਾਉਂਡ ਵਿੱਚ ਹਰ ਸੁੱਖ ਸਹੂਲਤਾਂ ਤੋਂ ਇਲਾਵਾ ਦੋੜਨ ਲਈ 400 ਮੀਟਰ ਦਾ ਟਰੈਕ ਤੇ ਇਸ ਵਿੱਚ ਬੈਠਣ ਲਈ ਬਹੁਤ ਹੀ ਸ਼ਾਨਦਾਰ ਸਟੇਜ ਵੀ ਬਣਾਈ ਗਈ**

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਚੰਗਰ ਇਲਾਕੇ ਦੇ ਪਿੰਡ ਕਾਹੀਵਾਲ ਵਿੱਚ ਕੈਬਨਿਟ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਵਲੋਂ ਦੋ ਮਹੀਨੇ ਪਹਿਲਾਂ ਚੰਗਰ ਇਲਾਕੇ ਦੇ ਨੌਜਵਾਨਾਂ ਦੀ ਮੰਗ ਨੂੰ ਦੇਖਦੇ ਹੋਇਆਂ ਇੱਕ ਗਰਾਉਂਡ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਜੋ ਬਹੁਤ ਹੀ ਸੁੰਦਰ ਤਰੀਕੇ ਨਾਲ ਤਿਆਰ ਕੀਤਾ ਗਿਆ ਜੋ ਚੰਗਰ ਵਾਸੀਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ। ਇਸ ਤੋਂ ਪਹਿਲਾਂ ਚੰਗਰ ਦੇ ਨੌਜਵਾਨਾਂ ਨੇ ਅਗਰ ਫੌਜ ਜਾਂ ਪੈਰਾਂ ਮਿਲਟਰੀ ਦੀ ਜਾਂ ਫਿਰ ਕੋਈ ਟੂਰਨਾਮੈਂਟ ਕਰਵਾਉਣ ਹੁੰਦਾ ਜਾਂ ਤਾਂ ਉਨ੍ਹਾਂ ਨੂੰ 5-6 ਕਿਲੋਮੀਟਰ ਦੂਰ ਜਾਕੇ ਨਹਿਰਾਂ ਦੀਆਂ ਪਟਰੀਆਂ ਤੇ ਦੌੜਨਾ ਪੈਂਦਾ ਸੀ ਜਾਂ ਫਿਰ ਦਸਮੇਸ਼ ਅਕੈਡਮੀ ਦੇ ਗਰਾਉਂਡ ਵਿੱਚ ਖੇਡਦੇ ਸੀ।ਹੁਣ ਇਸ ਗਰਾਉਂਡ ਵਿੱਚ ਹਰ ਸੁੱਖ ਸਹੂਲਤਾਂ ਤੋਂ ਇਲਾਵਾ ਦੋੜਨ ਲਈ 400 ਮੀਟਰ ਦਾ ਟਰੈਕ ਤੇ ਇਸ ਵਿੱਚ ਬੈਠਣ ਲਈ ਬਹੁਤ ਹੀ ਸ਼ਾਨਦਾਰ ਸਟੇਜ ਵੀ ਬਣਾਈ ਗਈ।ਇਸ ਗਰਾਉਂਡ ਦੇ ਆਲੇ ਦੁਆਲੇ ਬਹੁਤ ਹੀ ਸ਼ਾਨਦਾਰ ਰੁੱਖ ਲਗਾਏ ਗਏ ਨੇ ਜਿਸਦੀ ਸ਼ੁਰੂਆਤ ਕੱਲ ਚੰਗਰ ਜੋਨ ਦੇ ਪ੍ਰਧਾਨ ਕੈਪਟਨ ਗੁਰਨਾਮ ਸਿੰਘ ਬੱਢਲ, ਰੇਂਜ ਅਫ਼ਸਰ ਅਮਰਜੀਤ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਲਾਕ ਅਫ਼ਸਰ ਸੁਖਬੀਰ ਸਿੰਘ, ਬਲਾਕ ਅਫ਼ਸਰ ਮੱਖਣ ਸਿੰਘ, ਗਾਰਡ ਰਾਮਪਾਲ, ਸਰਪੰਚ ਨੰਦ ਲਾਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਸਰਪੰਚ ਰਾਮਪਾਲ ਅਤੇ ਪਿੰਡ ਵਾਸੀਆਂ ਵਲੋਂ ਕੀਤੀ ਗਈ। ਇਸ ਦੌਰਾਨ ਚੰਗਰ ਜੋਨ ਦੇ ਪ੍ਰਧਾਨ ਕੈਪਟਨ ਗੁਰਨਾਮ ਸਿੰਘ ਬੱਢਲ ਨੇ ਕਿਹਾ ਕਿ ਸਾਡੇ ਚੰਗਰ ਇਲਾਕੇ ਵਿੱਚ ਇਹ ਪਹਿਲਾ ਸ਼ਾਨਦਾਰ ਗਰਾਉਂਡ ਬਣਿਆਂ ਜੋ ਕੈਬਨਿਟ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਦੀ ਦੇਣ ਹੈ, ਜਦੋਂ ਵੀ ਅਸੀਂ ਕੋਈ ਚੰਗਰ ਇਲਾਕੇ ਦੀ ਭਲਾਈ ਲਈ ਮੰਤਰੀ ਸਾਹਬ ਕੋਲ ਮੰਗ ਰੱਖੀ ਉਨ੍ਹਾਂ ਨੇ ਕਦੇ ਇਨਕਾਰ ਨਹੀਂ ਕੀਤਾ।ਇਸ ਦੌਰਾਨ ਪਿੰਡ ਕਾਹੀਵਾਲ ਦੇ ਸਾਬਕਾ ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਚੌਧਰੀ ਰਾਮਪਾਲ ਨੇ ਕਿਹਾ ਕਿ ਅਸੀਂ ਸਾਰੇ ਪਿੰਡ ਵਾਸੀ ਮੰਤਰੀ ਸਾਹਬ ਦਾ ਦਿਲੋਂ ਧੰਨਵਾਦ ਕਰਦੇ ਹਾਂ ਕਿ ਸਾਡੀ ਮੰਗ ਤੇ ਮੰਤਰੀ ਸਾਹਬ ਨੇ ਚੰਗਰ ਵਿੱਚ ਸਬ ਤੋਂ ਪਹਿਲਾ ਤੇ ਸ਼ਾਨਦਾਰ ਗਰਾਉਂਡ ਸਾਡੇ ਪਿੰਡ ਵਿੱਚ ਬਣਾਇਆ।

# ਸੁਤੰਤਰਤਾ ਦਿਵਸ ਤੋਂ ਪਹਿਲਾਂ, ਸਪੈਸ਼ਲ ਡੀਜੀਪੀ ਨੇ ਲੁਧਿਆਣਾ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

## ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੁਤੰਤਰਤਾ ਦਿਵਸ ਦੇ ਸ਼ਾਂਤਮਈ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ

■ ਸੂਬੇ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਲਈ 75 ਫ਼ੀਸਦੀ ਪੁਲਿਸ ਬਲ ਤਾਇਨਾਤ: ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ



**• ਲੁਧਿਆਣਾ/ਸੁਖਚੈਨ ਮਹਿਰਾ**

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਤੰਤਰਤਾ ਦਿਵਸ ਤੋਂ ਪਹਿਲਾਂ ਸੂਬੇ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਅਰਪਿਤ ਸ਼ੁਕਲਾ ਨੇ ਅੱਜ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਲੁਧਿਆਣਾ ਦੇ ਸਮੂਹ ਅਧਿਕਾਰੀਆਂ ਅਤੇ ਐਸਐਚਓਜ਼ ਨਾਲ ਮੀਟਿੰਗ ਕੀਤੀ। ਇਹ ਮੀਟਿੰਗ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਕੀਤੀ ਗਈ।

ਰੋਜ਼ਾਨਾ ਲੋਕ ਬਾਣੀ

ਲੁਧਿਆਣਾ ਦੇ ਐਸਸੀਡੀ ਸਰਕਾਰੀ ਕਾਲਜ ਦੇ ਗਰਾਊਂਡ ਵਿਖੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਪੈਸ਼ਲ ਡੀ.ਜੀ.ਪੀ. ਨੇ ਸੀ.ਪੀ. ਲੁਧਿਆਣਾ ਮਨਦੀਪ ਸਿੰਘ ਸਿੱਧੂ ਦੇ ਨਾਲ ਅਧਿਕਾਰੀਆਂ ਅਤੇ ਪੁਲਿਸ ਬਲ ਨੂੰ ਸੁਤੰਤਰਤਾ ਦਿਵਸ ਨਾਲ ਸਬੰਧਤ ਮਹੱਤਵਪੂਰਨ ਸੁਰੱਖਿਆ ਪਹਿਲੂਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਾਨੂੰਨ ਵਿਵਸਥਾ ਦੇ ਮੁੱਦਿਆਂ, ਪੁਲਿਸਿੰਗ ਵਿੱਚ ਹੋਰ ਸੁਧਾਰ ਲਈ ਸੁਝਾਵਾਂ ਅਤੇ ਪ੍ਰਭਾਵਸ਼ਾਲੀ ਕਾਨੂੰਨ ਲਾਗੂ ਕਰਨ ਲਈ ਮੌਜੂਦਾ ਲੋੜਾਂ ਬਾਰੇ ਵੀ ਜਾਣਕਾਰੀ ਦਿੱਤੀ।

ਉਨ੍ਹਾਂ ਸਮੂਹ ਪੁਲਿਸ ਅਧਿਕਾਰੀਆਂ ਅਤੇ ਐਸਐਚਓਜ਼ ਨੂੰ ਹਦਾਇਤ ਕੀਤੀ ਕਿ ਉਹ ਜਨਤਕ ਤੌਰ ’ਤੇ ਅਤੇ ਸੋਸ਼ਲ ਮੀਡੀਆ ’ਤੇ ਸ਼ਰਾਰਤੀ ਅਨਸਰਾਂ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਅਪਣਾਉਣ। ਉਨ੍ਹਾਂ ਅਧਿਕਾਰੀਆਂ ਨਾਲ ਵੱਖ-ਵੱਖ ਸੁਰੱਖਿਆ ਅਲਰਟ ਅਤੇ ਇਨਪੁਟਸ ਵੀ ਸਾਂਝੇ ਕੀਤੇ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੁਤੰਤਰਤਾ ਦਿਵਸ ਦੇ ਸ਼ਾਂਤਮਈ ਜਸ਼ਨ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਲਈ 75 ਫ਼ੀਸਦ ਪੁਲਿਸ ਬਲ ਤਾਇਨਾਤ ਕੀਤਾ ਹੈ।

ਬਾਅਦ ਵਿੱਚ, ਸਪੈਸ਼ਲ ਡੀਜੀਪੀ ਨੇ ਬਿਹਤਰ ਕਾਰਗੁਜ਼ਾਰੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਉਤਸ਼ਾਹਿਤ ਕਰਨ ਅਤੇ ਉਹਨਾਂ ਨੂੰ ਪ੍ਰੇਰਿਤ ਕਰਨ ਲਈ ਡੀਜੀਪੀ ਪ੍ਰਸ਼ੰਸਾ ਡਿਸਕ ਅਤੇ ਨਕਦ ਇਨਾਮਾਂ ਨਾਲ ਸਨਮਾਨਿਤ ਵੀ ਕੀਤਾ।

---



**ਸਾਹਿਤਕ** ਹਲਕਿਆਂ ਵਿੱਚ ਤੇ ਸੋਸ਼ਲ ਮੀਡੀਆ ਤੇ ਜਿਸ ਕਿਤਾਬ ਦੀ ਚਰਚਾ ਸਭ ਤੋਂ ਵੱਧ ਹੋ ਰਹੀ ਹੈ ਉਹ ਹੈ ਜੰਗ ਬਹਾਦਰ ਗੋਇਲ ਦੀ ਰਚਿਤ ਸਾਹਿਤ ਸੰਜੀਵਨੀ। ਪਹਿਲਾਂ ਇਸ ਦਾ ਜ਼ਿਕਰ ਰਜਨੀਸ਼ ਜੱਸ ਨੇ ਕੀਤਾ। ਤ੍ਰਿਪਤਾ ਕੇ ਸਿੰਘ ਨੇ ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਦੀਦਾਰ ਸਿੰਘ ਸ਼ੇਤਰਾ ਨੇ ਸਾਹਿਤ ਸੰਜੀਵਨੀ ਕਿਤਾਬ ਦੀਆਂ ਕਾਪੀਆਂ ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਮੰਗਵਾ ਕੇ , ਸਾਹਿਤ ਵਿੱਚ ਕਿਤਾਬਾਂ ਦਾ ਲੰਗਰ ਦੀ ਇੱਕ ਸੰਵੇਦਨਸ਼ੀਲ ਖ਼ੂਬਸੂਰਤ ਪ੍ਰੰਪਰਾ ਸ਼ੁਰੂ ਕਰ ਦਿੱਤੀ ਹੈ। ਦੀਦਾਰ ਸਿੰਘ ਸ਼ੇਤਰਾ ਨੇ ਕਿਹਾ, ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ, ਗੁਰਬਖਸ਼ ਸਿੰਘ ਪ੍ਰੀਤਲੜੀ, ਜਸਵੰਤ ਸਿੰਘ ਕੰਵਲ ਤੇ ਨਾਟਕਕਾਰ ਗੁਰਸ਼ਰਨ ਭਾਅ ਜੀ ਮੇਰੇ ਮਨ ਆਤਮਾ ਤੇ ਅਸਰ ਕਰਨ ਵਾਲੇ ਪਹਿਲੇ ਲੇਖਕ ਸਨ। ਜਵਾਨੀ ਦੇ ਦਿਨਾਂ ਦੌਰਾਨ ਪ੍ਰਗਤੀਸ਼ੀਲ ਸਭਾ ਦਾ ਅਸਰ ਰਿਹਾ। ਜਸਵੰਤ ਸਿੰਘ ਕੰਵਲ ਜੀ ਤੋਂ ਬਿਨਾਂ ਮੈਂ ਕਿਸੇ ਹੋਰ ਦੀ ਕੋਈ ਵੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਸੀ। ਰਾਤ ਬਾਕੀ ਹੈ, ਪੂਰਨਮਾਸ਼ੀ, ਮੇਰੇ ਮਨ ਵਿੱਚ ਸਮਾਈਆਂ ਹੋਈਆਂ ਸਾਹਿਤਕ ਕਿਤਾਬਾਂ ਹਨ। ਸਮਾਂ ਬਦਲਿਆ, ਜੀਵਨਡੋਰ ਸਰਦਾਰਨੀ ਇੰਦਰਜੀਤ ਕੌਰ ਸੰਗ ਬੱਝ ਗਈ। ਪਰਿਵਾਰ ਵਿੱਚ ਧੀ ਦਾ ਆਗਮਨ ਹੋਇਆ। ਮਨ ਮਹਿਕ ਗਿਆ। ਵਿਸ਼ਵ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਆਪਣੇ ਆਪ ਨੂੰ ਬਹੁਤ ਪਿਆਰ ਕੀਤਾ। ਜੰਗ ਬਹਾਦਰ ਗੋਇਲ ਨਵਾਂ ਸ਼ਹਿਰ ਦੇ ਡਿਪਟੀ ਕਮਿਸ਼ਨਰ ਰਹੇ। ਅਜਿਹੇ ਵਿਲੱਖਣ ਪਛਾਣ ਵਾਲੇ ਇਨਸਾਨ ਨੂੰ ਮਿਲਣਾ ਸਵਰਗ ਦੀ ਪ੍ਰਾਪਤੀ ਬਰਾਬਰ ਹੈ। ਉਹਨਾਂ ਦੇ ਕਾਰਜ, ਵਿਸ਼ਵ ਨਾਵਲਾਂ ਦੇ ਪੰਜਾਬੀ ਰੂਪਾਂਤਰ ਤੇ ਵਿਸ਼ੇਸ਼ ਕਰਕੇ ਪੇਸ਼ਕਾਰੀ ਨੇ ਹਰ ਪੰਜਾਬੀ ਨੂੰ ਪ੍ਰੇਰਿਤ ਕੀਤਾ ਕਿ ਉਹ ਅਸਲ ਨਾਵਲਾਂ ਦੇ ਅਧਿਐਨ ਵੀ ਕਰਨ। ਮੁਹੱਬਤ ਨਾਮਾ ਤੇ ਵਿਸ਼ੇਸ਼ ਕਰਕੇ ਸਾਹਿਤ ਸੰਜੀਵਨੀ ਕਿਤਾਬ ਅਜਿਹੀ ਕਿਤਾਬ ਹੈ ਜਿਸ ਨੂੰ ਹਰ ਪੰਜਾਬੀ ਨੂੰ ਪੜ੍ਹਨਾ ਚਾਹੀਦਾ ਹੈ। ਸੁਰਜੀਤ ਪਾਤਰ ਜੀ ਦੇ ਕਥਨ ਅਨੁਸਾਰ, ਜ਼ਿੰਦਗੀ ਜੀਣ ਦਾ ਮੋਹ ਇਹ ਕਿਤਾਬ ਪਾ ਦਿੰਦੀ ਹੈ। ਮੇਰਾ ਦਾਗਿਸਤਾਨ, ਰੂਸੀ ਲੇਖਕ ਰਸੂਲ ਹਮਜ਼ਾਤੋਵ ਦੀ ਅਜਿਹੀ ਪੁਸਤਕ ਹੈ ਜਿਸ ਨੂੰ ਹਰ ਪਾਠਕ ਨੇ ਚੇਤਿਆਂ ਵਿੱਚ ਸਮਾਇਆ ਹੋਇਆ ਹੈ। ਸਾਹਿਤ ਸੰਜੀਵਨੀ ਕਿਤਾਬ, ਮੇਰਾ ਦਾਗਿਸਤਾਨ ਦਾ ਅਗਲਾ ਸਿਲਸਿਲਾ ਹੈ। ਇਸ ਕਿਤਾਬ ਦੇ ਲੰਗਰ ਦੀ ਸੇਵਾ ਤੇ ਜੰਗ ਬਹਾਦਰ ਗੋਇਲ ਜੀ ਨੇ ਕਿਹਾ, ਸ਼ੇਤਰਾ ਜੀ, ਤੁਹਾਡੇ ਇਸ ਉਪਰਾਲੇ ਨੂੰ ਮੁਬਾਰਕਬਾਦ। ਇਹ ਕਾਰਜ ਸਾਹਿਤ ਦੀ ਦੁਨੀਆ ਵਿੱਚ ਵਿਸ਼ੇਸ਼ ਤੌਰ ਤੇ ਜਾਣਿਆ ਜਾਏਗਾ। ?ਸਾਹਿਤ ਸੰਵਾਦ ਰਚਾਉਂਦੇ ਦੀਦਾਰ ਸਿੰਘ ਸ਼ੇਤਰਾ ਨੇ ਕਿਹਾ, ਕਵਿਤਾ ਭਵਨ, ਗੁਰੂ ਅੰਗਦ ਦੇਵ ਨਗਰ, ਨਵਾਂ ਸ਼ਹਿਰ ਵੱਸਦੇ ਉਹਨਾਂ ਦੀ ਜ਼ਿੰਦਗੀ ਦਾ ਅਸਲ ਮਕਸਦ, ਪੰਜਾਬੀ ਸਾਹਿਤ ਦੇ ਅੰਗ ਸੰਗ ਵਿਚਰਨਾ, ਸਾਹਿਤ ਸੰਜੀਵਨੀ ਵਰਗੀਆਂ ਕਿਤਾਬਾਂ ਨੂੰ ਗੰਭੀਰ ਸਰੋਤਿਆਂ ਤੀਕ ਪੁੰਹਚਾਣਾ, ਸਮਾਜ ਸਭਿਆਚਾਰ ਦੇ ਵਿਕਾਸ ਲਈ ਸਾਰਥਕ ਯਤਨ ਕਰਨੇ, ਸੋਸ਼ਲ ਮੀਡੀਆ ਦੇ ਵੱਡੇ ਪਲੇਟਫਾਰਮ ਤੋਂ ਚੰਗੀਆਂ ਗੱਲਾਂ ਨੂੰ ਧਿਆਨ ਵਿੱਚ ਲਿਆਉਣ ਲਈ ਕੋਸ਼ਿਸ਼ ਕਰਦੇ ਰਹਿਣਾ। ਆਪਣੇ ਸੰਬੋਧਨ ਵਿੱਚ ਆਖਿਆ, ਸਾਹਿਤ ਸੰਜੀਵਨੀ ਕਿਤਾਬ ਜਿਸ ਨੂੰ ਵੀ ਚਾਹੀਦੀ ਹੋਵੇ , ਸੰਦੇਸ਼ ਭੇਜ ਦਿਓ, ਕਿਤਾਬ ਪੁੰਹਚਾ ਦਿੱਤੀ ਜਾਵੇਗੀ। ਸਾਹਿਤ ਨੂੰ ਪਿਆਰ ਕਰਨ ਵਾਲੇ ਇਨਸਾਨ ਹੱਥ ਵਿੱਚ ਨੇਕੀ ਦੇ ਫੁੱਲ ਹੀ ਪਕੜ ਸਕਦੇ ਹਨ, ਨਫ਼ਰਤ ਦੇ ਖੰਜਰ ਨਹੀਂ। ਸਭ ਸਾਹਿਤ ਸੰਜੀਵਨੀ ਕਿਤਾਬ ਦੇ ਪਾਠਕ ਬਣਨ, ਇਸੇ ਆਸ ਨਾਲ।

ਰੋਜ਼ਾਨਾ ਲੋਕ ਬਾਣੀ

**ਦੀਦਾਰ ਸਿੰਘ ਸ਼ੇਤਰਾ**
**ਸੀਨੀਅਰ ਪੱਤਰਕਾਰ**
**ਜਤਿੰਦਰ ਪਾਲ ਸਿੰਘ ਕਲੇਰ**
**ਬਿਊਰੋ ਚੀਫ ਪੰਜਾਬ**
**ਮੌਬਾਈਲ 9780086561**

---

# ਮਾਤਾ ਚਿੰਤਪੂਰਨੀ ਵਿਖੇ 17ਵਾਂ ਵਿਸ਼ਾਲ ਭੰਡਾਰਾ 17 ਅਗਸਤ ਤੋਂ: ਸੰਜੀਵ ਬਾਂਸਲ

**ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**



ਸਾਵਣ ਮਹੀਨੇ ਦੇ ਨਵਰਾਤਿਆ ਦੌਰਾਨ ਜੈ ਮਾਤਾ ਚਿੰਤਪੂਰਨੀ ਚੈਰੀਟੇਬਲ ਟਰੱਸਟ (ਰਜਿ.) ਭਵਾਨੀਗੜ੍ਹ ਅਤੇ ਨਵੀਂ ਦਿੱਲੀ ਵਾਲਿਆ ਵੱਲੋਂ 17ਵਾਂ ਵਿਸ਼ਾਲ ਭੰਡਾਰਾ ਮਿਤੀ 17 ਅਗਸਤ ਤੋਂ 24 ਅਗਸਤ ਤੱਕ ਚਿੰਤਪੂਰਨੀ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਟਰੱਸਟ ਦੇ ਵਾਇਸ ਚੈਅਰਮੈਨ ਸ੍ਰੀ ਸੰਜੀਵ ਬਾਂਸਲ ਨੇ ਦੱਸਿਆ ਕਿ ਇਹ ਭੰਡਾਰਾ ਨਿਰਵਿਘਨ 24 ਘੰਟੇ ਮਾਤਾ ਦੇ ਭਗਤਾਂ ਲਈ ਚਲਦਾ ਰਹੇਗਾ। ਭੰਡਾਰੇ ਵਿੱਚ ਵਿਸ਼ੇਸ਼ ਤੌਰ ਤੇ ਛੋਟੇ ਬੱਚਿਆ ਲਈ ਦੁੱਧ ਦਾ ਪ੍ਰਬੰਧ ਕੀਤਾ ਗਿਆ ਹੈ। 19 ਅਗਸਤ ਨੂੰ ਭੰਡਾਰੇ ਦੌਰਾਨ ਹੋ ਰਹੇ ਮਾਤਾ ਦੇ ਜਾਗਰਣ ਵਿੱਚ ਮਾਤਾ ਦੇ ਭਗਤ, ਭਾਜਪਾ ਦੇ ਰਾਸ਼ਟਰੀ ਯੁਵਾ ਨੇਤਾ ਸ੍ਰੀ ਅੰਕਿਤ ਬਾਂਸਲ ਹਾਜ਼ਰੀ ਲਗਾਉਣਗੇ। ਟਰੱਸਟ ਦੇ ਪ੍ਰਧਾਨ ਸ੍ਰੀ ਚਰਨਜੀਵ ਬਾਂਸਲ ਨੇ ਦੱਸਿਆ ਕਿ ਭੰਡਾਰੇ ਦੌਰਾਨ ਮਾਤਾ ਦੇ ਜਾਗਰਣ ਵਿੱਚ ਗੁਣਗਾਨ ਨਿਊ ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲੀ ਲਹਿਰਾਗਾਗਾ ਦੀ ਪਾਰਟੀ ਵੱਲੋਂ 19 ਅਤੇ 20 ਅਗਸਤ ਨੂੰ ਕੀਤਾ ਜਾਵੇਗਾ। ਵਾਇਸ ਚੈਅਰਮੈਨ ਸ੍ਰੀ ਸੁਰਿੰਦਰ ਜਿੰਦਲ ਅਤੇ ਸੁਨੀਲ ਗੁਪਤਾ ਨੇ ਦੱਸਿਆ ਕਿ ਇਹ ਭੰਡਾਰਾ ਚਿੰਤਪੂਰਨੀ ਵਿਖੇ 24 ਘੰਟੇ ਚੱਲਣ ਵਾਲੇ ਭੰਡਾਰਿਆ ਵਿੱਚੋ ਮੁੱਖ ਹੈ। ਟਰੱਸਟ ਦੇ ਵਾਇਸ ਪ੍ਰਧਾਨ ਸ੍ਰੀ ਸੁਨੀਲ ਬਾਂਸਲ ਅਤੇ ਅਮਨ ਸ਼ਰਮਾ ਨੇ ਦੱਸਿਆ ਕਿ ਭੰਡਾਰੇ ਦੌਰਾਨ ਮਾਤਾ ਦੇ ਭਗਤਾ ਨੂੰ ਲੰਗਰ ਹਰ ਸਮੇਂ ਤਾਜਾ, ਗਰਮ ਅਤੇ ਸਾਫ ਸੁਥਰਾ ਮਿਲੇਗਾ। ਇਸ ਮੋਕੇ ਹੋਰਨਾ ਤੋਂ ਇਲਾਵਾ ਟਰੱਸਟੀ ਸ੍ਰੀ ਸੁਰਿੰਦਰ ਕੁਮਾਰ ਸੁਨਾਮ, ਨਰੇਸ਼ ਗੋਇਲ, ਬਾਲੀ ਜਿੰਦਲ, ਬਬਲੇਸ਼ ਗੋਇਲ, ਸਤੀਸ਼ ਗਰਗ ,ਰਤਨ ਕਾਂਸਲ, ਰਜਿੰਦਰਕੁਮਾਰ, ਜਗਦੀਸ਼ ਅਰੋੜਾ, ਹਰਿੰਦਰ ਗੋਇਲ, ਬਲਦੇਵ ਸਿੰਘ ਅਤੇ ਸ਼ਿਸ਼ਨ ਕੁਮਾਰ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ

---



publisher/chief Editor
**Aman Mehra**
lok bani (news Paper)
lokbani08@gmail.com
www.lokbani.com
**mob:99155-94111**

**Head Office:**
**Lokbani Sangam complex,Milap chowk jalandhar**
**Mob. 99155-94111**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
**RNI. PUNPUN/29016/2008**

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
**RNI. PUNPUN/29016/2008**

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
**RNI. PUNPUN/29016/2008**



**ਡੇਰਾ ਮਿੱਠਾ ਟਿਵਾਣਾ, ਚੌਂਕ ਬਾਬਾ ਸਾਹਿਬ ਅੰਮ੍ਰਿਤਸਰ ਦੇ ਮੁਖੀ ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ ' ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦਾ ਸਨਮਾਨ ਕਰਦੇ ਹੋਏ ।**
(ਫੋਟੋ ਤੇ ਵੇਰਵਾ: ਲੁਧਿਆਣਾ )

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਖ਼ਬਰਾਂ ਪ੍ਰਤੀ ਜ਼ੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

# ਗੁਰੂ ਨਗਰੀ ਦਾ ਸਰਵਪੱਖੀ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀ ਰਹੇਗੀ : ਹਰਜੋਤ ਬੈਂਸ

## ➢ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਲਈ ਕੌਂਸਲਰਾਂ ਨੇ ਰਲ ਮਿਲ ਕੇ ਲਿਆ ਲੋਕਪੱਖੀ ਫੈਸਲਾ : ਹਰਜੀਤ ਸਿੰਘ ਜੀਤਾ

## ➢ ਨਗਰ ਕੌਂਸਲ ਵਿੱਚ ਭਰਵੇ ਤੇ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਵੱਡੀ ਗਿਣਤੀ ਪਤਵੰਤਿਆਂ ਨੇ ਕੀਤੀ ਸ਼ਿਰਕਤ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ:**

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਕਿਹਾ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਸਰਵਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ। ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ ਰੋਲ ਮਾਡਲ ਵੱਜੋਂ ਵਿਕਸਤ ਕੀਤਾ ਜਾਵੇਗਾ, ਜਿੱਥੇ ਸ਼ਹਿਰ ਵਾਸੀਆਂ ਨੂੰ ਨਮੂਨੇ ਦੀਆਂ ਸਹੂਲਤਾਂ ਮਿਲਣਗੀਆਂ। ਸਮੂਹ ਕੌਂਸਲਰਾਂ ਦੇ ਸਹਿਯੋਗ ਨਾਲ ਕੌਂਸਲ ਵੱਲੋਂ ਸ਼ਹਿਰ ਦਾ ਚਹੁਮੁੱਖੀ ਵਿਕਾਸ ਕਰਵਾਇਆ ਜਾਵੇਗਾ, ਜਿਸ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਇੱਕ ਭਰਵੇ ਤੇ ਪ੍ਰਭਾਵਸ਼ਾਲੀ ਸਮਾਰੋਹ ਮੌਕੇ ਬੋਲਦੇ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਲਈ ਅਸੀ ਰਲ-ਮਿਲ ਕੇ ਫੈਸਲੇ ਲੈ ਰਹੇ ਹਾਂ। ਕੌਸਲਰਾਂ ਨੇ ਆਮ ਆਦਮੀ ਪਰਾਟੀ ਵਿੱਚ ਸ਼ਾਮਿਲ ਹੋ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਲੋਕਪੱਖੀ ਫੈਸਲਿਆਂ ਤੇ ਮੋਹਰ ਲਗਾਈ ਹੈ। ਇਸ ਵਿੱਚ ਕਿਸੇ ਦਾ ਕੋਈ ਨਿੱਜੀ ਸਵਾਰਥ ਨਹੀ ਹੈ, ਸਗੋਂ ਇਤਿਹਾਸਕ ਤੇ ਪਵਿੱਤਰ ਨਗਰੀ ਦਾ ਵਿਕਾਸ ਕਰਨਾ ਹੀ ਮੁੱਖ ਟੀਚਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੈਰ ਸਪਾਟਾ ਦੀਆਂ ਸੰਭਾਵਨਾਵਾਂ ਤਲਾਸ਼ ਕੀਤੀਆਂ ਜਾ ਰਹੀਆਂ ਹਨ, ਪੰਜ ਪਿਆਰਾ ਪਾਰਕ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਬਣ ਗਿਆ ਹੈ। ਨੇਚਰ ਪਾਰਕ, ਭਾਈ ਜੈਤਾ ਜੀ ਯਾਦਗਾਰ, ਇੰਨਫੋਰਮੇਸ਼ਨ ਸੈਂਟਰ ਦਾ ਕੰਮ ਜਲਦੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਗੁਰੂ ਨਗਰੀ ਨੂੰ ਸਵੱਛ ਰੱਖਣਾ ਅਤੇ ਇਸ ਦਾ ਸਰਵਪੱਖੀ ਵਿਕਾਸ ਕਰਵਾਉਣਾ ਸਾਡਾ ਟੀਚਾ ਹੈ।





ਇਸ ਮੌਕੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਕਿਹਾ ਕਿ ਸਮੂਹ ਕੌਸਲਰਾਂ ਨੇ ਰਲ ਮਿਲ ਕੇ ਗੁਰੂ ਨਗਰੀ ਦੇ ਵਿਕਾਸ ਲਈ ਜੋ ਫੈਸਲਾ ਕੀਤਾ ਹੈ, ਉਸ ਨਾਲ ਜਲਦੀ ਹੀ ਨਗਰ ਵਿੱਚ ਵਿਕਾਸ ਦੀ ਲਹਿਰ ਚੱਲੇਗੀ। ਉਨ੍ਹਾਂ ਨੇ ਆਪਣੇ ਸਾਥੀ ਵੱਖ ਵੱਖ ਵਾਰਡਾਂ ਦੇ ਕੌਂਸਲਰ ਦਲਜੀਤ ਸਿੰਘ ਕੈਂਥ, ਕੌਂਸਲਰ ਬਿਕਰਮਜੀਤ ਸਿੰਘ, ਕੌਂਸਲਰ ਬਲਵੀਰ ਕੌਰ, ਕੌਂਸਲਰ ਗੀਟਾ, ਕੌਂਸਲਰ ਮਨਪ੍ਰੀਤ ਕੌਰ ਅਰੋੜਾ, ਕੌਂਸਲਰ ਪ੍ਰਵੀਨ ਕੌਂਸ਼?ਲ, ਕੌਂਸਲਰ ਗੁਰਪ੍ਰੀਤ ਕੌਰ ਸਮੇਤ ਪਤਵੰਤਿਆਂ ਦਾ ਵਿਸ਼ੇਸ ਧੰਨਵਾਦ ਕੀਤਾ, ਜ਼ਿਨ੍ਹਾਂ ਨੇ ਬੀਤੇ ਦਿਨ ਸ੍ਰੀ ਅਨੰਦਪੁਰ ਸਾਹਿਬ ਨਗਰ ਦੇ ਸਰਵਪੱਖੀ ਵਿਕਾਸ ਲਈ ਇਹ ਵੱਡਾ ਫੈਸਲਾ ਲਿਆ ਹੈ, ਜਿਸ ਨਾਲ ਅੱਜ ਇਹ ਪ੍ਰਭਾਵਸ਼ਾਲੀ ਸਮਾਰੋਹ ਕਰਕੇ ਵਿਕਾਸ ਦੀ ਰਫਤਾਰ ਨੂੰ ਗਤੀ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸਭ ਨਾਲ ਰਲ ਕੇ ਵਿਕਾਸ ਦੇ ਕੰਮ ਕਰਵਾਏ ਜਾਣਗੇ ਅਤੇ ਨਗਰ ਕੌਂਸਲ ਨੂੰ ਨਮੂਨੇ ਦੀ ਨਗਰ ਕੌਂਸਲ ਬਣਾਇਆ ਜਾਵੇਗਾ, ਸਮੁੱਚੇ ਪੰਜਾਬ ਵਾਸੀਆਂ ਲਈ ਇਹ ਨਗਰ ਕੌਂਸਲ ਰੋਲ ਮਾਡਲ ਬਣੇਗੀ। ਇਸ ਮੌਕੇ ਡਾ.ਸੰਜੀਵ ਗੌਤਮ, ਚੇਅਰਮੈਨ ਜਿਲ੍ਹਾਂ ਯੋਜਨਾ ਕਮੇਟੀ ਹਰਮਿੰਦਰ ਸਿੰਘ ਢਾਹੇ, ਜਸਵੀਰ ਸਿੰਘ ਅਰੋੜਾ ਪ੍ਰਧਾਨ ਜਿਲ੍ਹਾ ਵਪਾਰ ਮੰਡਲ, ਦਵਿੰਦਰ ਸਿੰਘ ਸਿੰਦੂ ਬਲਾਕ ਪ੍ਰਧਾਨ, ਦੀਪਕ ਆਂਗਰਾ ਵਪਾਰ ਮੰਡਲ ਪ੍ਰਧਾਨ, ਸੱਮੀ ਬਰਾਗੀ ਯੂਥ ਆਗੂ, ਠੇਕੇਦਾਰ ਜਗਜੀਤ ਸਿੰਘ ਜੱਗੀ, ਹਰਤੇਗਵੀਰ ਸਿੰਘ ਤੇਗੀ, ਇੰ.ਜਸਪ੍ਰੀਤ ਸਿੰਘ ਜੇ.ਪੀ, ਅਨੁਰਥ ਸ਼ਰਮਾ, ਗੁਰਅਵਤਾਰਾ ਸਿੰਘ ਚੰਨ, ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ, ਰਾਮ ਕੁਮਾਰ ਮੁਕਾਰੀ ਜਿਲ੍ਹਾ ਸਕੱਤਰ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਟਰੱਕ ਯੂਨੀਅਨ ਪ੍ਰਧਾਨ, ਜਸਪਾਲ ਸਿੰਘ ਢਾਹੇ, ਐਡਵੋਕੇਟ ਨੀਰਜ ਸ਼ਰਮਾ, ਸੋਹਣ ਸਿੰਘ ਬੈਂਸ, ਬਲਵਿੰਦਰ ਕੌਰ ਬੈਂਸ, ਰਕੇਸ਼ ਕੁਮਾਰ ਮਹਿਲਮਾ, ਗੁਰਮੀਤ ਸਿੰਘ ਢੇਰ ਬਲਾਕ ਪ੍ਰਧਾਨ, ਕੇਸਰ ਸੰਧੂ ਬਲਾਕ ਪ੍ਰਧਾਨ, ਪ੍ਰਿੰਸ ਉੱਪਲ ਸਕੱਤਰ ਸਪੋਰਟਸ ਵਿੰਗ, ਸਰਬਜੀਤ ਸਿੰਘ ਭਟੋਲੀ ਪ੍ਰਧਾਨ ਟਰੱਕ ਯੂਨੀਅਨ, ਜਸਵੀਰ ਰਾਣਾ, ਪੱਮੂ ਢਿੱਲੋਂ, ਜੁਝਾਰ ਸਿੰਘ ਆਸਪੁਰ, ਸੁਖਦੇਵ ਸਿੰਘ ਬੀਟੀ, ਸਤਵਿੰਦਰ ਸਿੰਘ ਵਿੱਕੀ ਤੋ ਇਲਾਵਾ ਇੰਦਰਜੀਤ ਸਿੰਘ ਅਰੋੜਾ, ਇੰਦਰਜੀਤ ਕੋਸ਼ਲ, ਇੰਦਰਜੀਤ ਸਿੰਘ ਰਾਜੂ, ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਜਸਵਿੰਦਰ ਭੰਗਲਾ, ਮਨੂ ਪੂਰੀ ਅਤੇ ਨਗਰ ਦੇ ਸੈਕੜੇ ਪਤਵੰਤੇ, ਸਮਾਜ ਸੇਵੀ ਸੰਠਗਨਾਂ ਦੇ ਮੁਖੀ, ਧਾਰਮਿਕ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਭਾਰੀ ਬਰਸਾਤ ਆਉਣ ਕਾਰਨ ਪਿਛਲੇ ਦਿਨੀਂ ਕਾਠਗੜ੍ਹ ਲਿੰਕ ਸੜਕ 'ਚ ਪਿਆ ਪਾੜ ਦੇ ਰਿਹਾ ਹੈ ਹਾਦਸੀਆ ਨੂੰ ਸੱਦਾ

**• ਨਵਾਂਸ਼ਹਿਰ /ਕਾਠਗੜ੍ਹ /ਜਤਿੰਦਰ ਪਾਲ ਸਿੰਘ ਕਲੇਰ**

ਪਿਛਲੇ ਦਿਨੀਂ ਆਈ ਭਾਰੀ ਬਰਸਾਤ ਕਾਰਨ ਕਾਠਗੜ੍ਹ ਇਲਾਕੇ ਨਾਲ ਲੱਗਦੀਆਂ ਲਿੰਕ ਸੜਕਾਂ ਜੌ ਕੀ ਹਾਈਵੇ ਮਾਰਗ ਨਾਲ ਜੌੜਦੀਆ ਹਨ ਉਹਨਾਂ ਵਿੱਚ ਭਾਰੀ ਬਰਸਾਤ ਕਾਰਨ ਪਏ ਪਾੜ ਅਜੇ ਤੱਕ ਕਿਸੇ ਵੀ ਸਬੰਧਤ ਮਹਿਕਮੇ ਵਲੋਂ ਠੀਕ ਨਹੀ ਕਰਵਾਏ ਗਏ ਪਰ ਜਿਕਰਯੋਗ ਇਹ ਹੈ ਕੀ ਕਾਠਗੜ੍ਹ ਤੌਂ ਜੌ ਸੜਕ ਹਾਈਵੇ ਮਾਰਗ ਨਾਲ ਜੌੜਦੀ ਹੈ ਉਹ ਪਿੰਡ ਚਾਹਲਾਂ ਕੌਲ ਜਿਆਦਾ ਤੇਜ ਪਾਣੀ ਆਉਣ ਕਾਰਨ ਰੁੜ ਗਈ ਅਤੇ ਬੜਾ ਹੀ ਵੱਡਾ ਪਾੜ ਪੈ ਗਿਆ ਪਰ ਪੂਰਾ ਇੱਕ ਮਹੀਨਾ ਬੀਤਣ ਤੌਂ ਬਾਅਦ ਵੀ ਇਹ ਪਾੜ ਪੂਰੀਆਂ ਨਹੀ ਗਿਆ ਅਤੇ ਇਸ ਜਗ?ਹਾ ਕਈ ਹਾਦਸੇ ਵਾਪਰ ਚੁੱਕੇ ਹਨ ਪਰ ਸਬੰਧਤ ਮਹਿਕਮਾ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ ਅਤੇ ਇਹ ਪਾੜ ਇਹਨਾਂ ਜਿਆਦਾ ਡੂੰਘਾ ਹੈ ਕੀ ਇੱਥੋਂ ਸਿਰਫ ਮੌਟਰ ਸਾਈਕਲ ਅਤੇ ਕਾਰਾ ਵੀ ਬੜੀ ਹੀ ਮੁਸ਼ਕਲ ਨਾਲ ਨਿਕਲਦੀਆਂ ਹਨ ਅਤੇ ਬੀਤੀ ਕੱਲ ਇੱਕ ਇੱਟਾਂ ਨਾਲ ਭਰੀ ਟਰਾਲੀ ਅਤੇ ਟਰੈਕਟਰ ਇਸ ਪਾੜ ਵਿੱਚ ਫਸ ਗਿਆ ਅਤੇ ਕਈ ਘੰਟੀਆਂ ਬਾਅਦ ਇਸ ਨੂੰ ਬਾਹਰ ਕੱਢਿਆ ਗਿਆ ਅਤੇ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟੈਂਪੂ ਦੇ ਪ੍ਰਧਾਨ ਧਰਮ ਪਾਲ ਕੌਹਲੀ ਅਤੇ ਇਲਾਕੇ ਦੇ ਲੌਕਾ ਨੇ ਪ੍ਰਸ਼ਾਸਨ ਤੌਂ ਮੰਗ ਕੀਤੀ ਹੈ ਕੀ ਇਹ ਪਾੜ ਨੂੰ ਜਲਦ ਤੌਂ ਜਲਦ ਬੰਦ ਕਰਕੇ ਇਹ ਰਾਹ ਖੌਲੀਆ ਜਾਵੇ ਤਾਂ ਕੀ ਇਹ ਜੌ ਹਾਦਸੇ ਨਿੱਤ ਵਾਪਸ ਰਹੇ ਹਨ ਉਹਨਾਂ ਦਾ ਵੀ ਬਚਾਅ ਹੌ ਸਕੇ ਅਤੇ ਉਨ੍ਹਾਂ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕੀ ਜੇ ਇਹ ਪਾੜ ਸਹੀ ਨਾ ਕੀਤਾ ਤਾਂ ਇਸ ਦੇ ਖਿਲਾਫ ਵੱਡਾ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।



# ਪਾਵਰਕੌਮ ਦੀ ਮੈਨੇਜ਼ਮੈਂਟ ਸੀਆਰਏ 295 ਅਧੀਨ ਭਰਤੀ ਕੀਤੇ ਸਹਾਇਕ ਲਾਇਨਮੈਨਾਂ ਨੂੰ ਤੁਰੰਤ ਰੈਗੂਲਰ ਕਰੋ : ਉਦੀ ਪੁਰ




**• ਦੋਰਾਂਗਲਾ,ਰਾਕੇਸ਼ ਜੀਵਨ ਚੱਕ**

ਪੀ ਐੱਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦੀ ਜ਼ਰੂਰੀ ਮੀਟਿੰਗ ਮੰਡਲ ਪ੍ਰਧਾਨ ਸਾਥੀ ਸਾਹਿਬ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਬਿਜਲੀ ਕਾਮਿਆਂ ਦੀਆਂ ਮੰਗਾਂ ਤੇ ਵਿਚਾਰ ਚਰਚਾ ਕੀਤੀ ਗਈ ,ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਪੰਜਾਬ ਦੇ ਮੀਤ ਪ੍ਰਧਾਨ ਸਾਥੀ ਬਲਵਿੰਦਰ ਉਦੀ?ਪੁਰ ਨੇ ਪਾਵਰਕੌਮ ਦੀ ਮੈਨੇਜ਼ਮੈਂਟ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਮਹਿਕਮੇ ਪਾਵਰਕੌਮ ਅੰਦਰ ਸੀ ਆਰ ਏ 295 ਅਧੀਨ ਭਰਤੀ ਕੀਤੇ ਸਹਾਇਕ ਲਾਇਨਮੈਨਾਂ ਜਿਨ੍ਹਾਂ ਨੇ ਆਪਣਾ ਤਿੰਨ ਸਾਲ ਦਾ ਪਰਵਿਜਨਲ ਪੀਰਡ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ ਉਨ੍ਹਾਂ ਨੂੰ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਰੀਲੀਜ਼ ਕੀਤੀਆਂ ਜਾਣ ਨਹੀਂ ਤਾਂ ਜਥੇਬੰਦੀ ਮੈਨੇਜ਼ਮੈਂਟ ਵਿਰੁੱਧ ਸੰਘਰਸ਼ ਕਰਨ ਨੂੰ ਮਜਬੂਰ ਹੋਵੇਗੀ ,ਕਿਉਂਕਿ ਮੈਨੇਜ਼ਮੈਂਟ ਉਹਨਾਂ ਕਰਮਚਾਰੀਆਂ ਨੂੰ ਨਿਗੂਣੀਆਂ ਤਨਖ਼ਾਹਾਂ ਦੇ ਕੇ ਆਰਥਿਕ ਸ਼ੋਸਣ ਕਰ ਰਹੀ ਹੈ ਜਿਸ ਕਾਰਨ ਬਿਜਲੀ ਕਾਮਿਆਂ ਵਿੱਚ ਭਾਰੀ ਰੋਸ਼ ਪਾਇਆ ਜਾ ਰਿਹਾ ਹੈ । ਮੁਲਾਜ਼ਮ ਆਗੂਆਂ ਨੇ ਪਾਵਰਕੌਮ ਦੀ ਮੈਨੇਜ਼ਮੈਂਟ ਕੋਲੋਂ ਮੰਗ ਕੀਤੀ ਹੈ ਕਿ ਬਿਜਲੀ ਮੁਲਾਜ਼ਮ ਏਕਤਾ ਮੰਚ ਨਾਲ ਹੋਈ ਮੀਟਿੰਗ ਦੌਰਾਨ ਹੋਈਆਂ ਸਹਿਮਤੀਆਂ ਨੂੰ ਲਾਗੂ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਮੁਲਾਜ਼ਮ ਮਸਲਿਆਂ ਦਾ ਨਿਪਟਾਰਾ ਕਰੇ ਬੰਦ ਕਿਤੇ ਬਹਾਲ ਕੀਤੇ ਜਾਣ ,ਪੁਰਾਣੀ ਪੈਨਸ਼ਨ ਸਕੀਮ ਬਿਨਾਂ ਸ਼ਰਤ ਬਹਾਲ ਕਰਕੇ ਕਰਮਚਾਰੀਆਂ ਦਾ ਜੀ ਪੀ ਐਫ਼ ਕੱਟਣਾ ਸ਼ੁਰੂ ਕੀਤਾ ਜਾਵੇ, ਪਰਵਿਜਨਲ ਪੀਰਡ ਪੂਰੀ ਤਰ੍ਹਾਂ ਖਤਮ ਕਰਕੇ ਪੂਰੇ ਤਨਖਾਹ ਸਕੇਲਾ ਨਾਲ ਭਾਰਤੀ ਕੀਤੀ ਜਾਵੇ, ਤਨਖਾਹਾਂ ਸਕੇਲਾਂ ਦਾ ਬਕਾਇਆ ਏਰੀਅਰ ਦੀ? ਅਦਾਇਗੀ ਕੀਤੀ ਜਾਵੇ ,ਸਰਕਾਰੀ ਅਦਾਰਿਆਂ ਨੂੰ ਮਜ਼ਬੂਤ ਕੀਤਾ ਜਾਵੇ ? ਤਾਂ ਜੋ ਕਰਮਚਾਰੀਆਂ ਵਿਚ ਪਾਏਂ ਜਾਂ ਰੋਸ ਨੂੰ ਖਤਮ ਕੀਤਾ ਜਾ ਸਕੇ । ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਸਤੀਸ਼ ਕੁਮਾਰ ਸੈਣੀ, ਜਸਵਿੰਦਰ ਸਿੰਘ ਬਾਉਪੁਰ, ਬਲਜੀਤ ਸਿੰਘ ਹੁੰਦਲ, ਗੌਰਵ ਪਿਰਆ ,ਅਮਨਦੀਪ ਸਿੰਘ ਧਾਲੀਵਾਲ, ਅਨਿਲ ਕੁਮਾਰ, ਰਣਜੀਤ ਸਿੰਘ ਦੋਰਾਗਲਾ, ਜੇ ਪੀ ਅੌਜਲਾ ਆਦਿ ਆਗੂ ਹਾਜਰ ਸਨ ।

## ਅੰਨ੍ਹੇ ਨੂੰ ਦਾਣਾ

ਫ਼ਕੀਰ ਨਹੀਂ ਮੁਰੀਦ ਨਹੀਂ,
ਦੁਨੀਆ ਦੀ ਮੈ ਭੀੜ ਨਹੀਂ।
ਪੈਰੀ ਮਸਲ ਰੋਜ਼ ਮੈ ਜਾਂਦਾ,
ਇੱਕ ਵਕਤ ਜਿੰਦਗੀ ਨਹੀਂ।
ਆਪੋ ਆਪਣੇ ਕੰਮ ਨੇ ਰਾਜੀ,
ਫ਼ਕਰ ਜੱਗ ਕਿਸੇ ਦੀ ਨਹੀਂ।
ਰਤਾ ਪ੍ਰਵਾਹ ਜਿੰਦਗੀ ਬਾਜੀ,
ਦਾਣਾ ਬਗ਼ੈਰ ਕੁਝ ਵੀ ਨਹੀਂ।
ਘੱਟ ਉਮੀਦਾਂ ਇੱਕ ਵਜਾਹ,
ਮੇਰੀ ਇੱਥੇ ਤਕਦੀਰ ਨਹੀਂ।
ਰੋਜ਼ ਭੁੱਖੇ ਮਰ ਦੀ ਵਜਾਹਦ,
ਦਿਲ ਸਕੂਨ ਕਿੱਥੇ ਵੀ ਨਹੀਂ।
ਪਲ ਦੋ ਪਲ ਗਿਆ ਸਮਾਂ,
ਜਿੰਦਗੀ ਬਹਾਨੇ ਦੀ ਨਹੀਂ।
ਪੈਰੋਂ ਦੱਬ ਮੈਨੂੰ ਮੌਤ ਜਲਦੀ,
ਮੁੱਕ ਦਾਣਾ ਪਾਣੀ ਹੀ ਨਹੀਂ।
ਜਿੰਦਗੀ ਤੋਂ ਚੱਲ ਭੁੱਖ ਸੇਕੀ,
ਦਾਣਾ ਮਿਲ ’ ਤੇ ਖੁਸ਼ੀ ਸਹੀ।
ਇੱਕ ਕਤਾਰ ਅੰਨ੍ਹੇ ਨੂੰ ਦਾਣਾ,
ਗੌਰਵ ਰੱਬ ਮਰਜੀ ਵੀ ਨਹੀਂ।



ਗੌਰਵ ਧੀਮਾਨ
ਚੰਡੀਗੜ੍ਹ ਜੀਰਕਪੁਰ
ਮੋ: ਨੰ: 7626818016

ਰੋਜ਼ਾਨਾ ਲੋਕ ਬਾਣੀ

# ਹੋਮੀ ਭਾਵਾ ਕੈਂਸਰ ਹਸਪਤਾਲ ਦੀ ਟੀਮ ਨੇ ਕੋਟਲਾਪਾਵਰ ਹਾਊਸ ’ਚ ਕੈਂਸਰ ਜਾਗਰੂਕਤਾ ਕੈਂਪ ਲਗਾਇਆ



■ ਔਰਤਾਂ ਦੇ ਕੈਂਸਰ ਸਬੰਧੀ ਦਿੱਤੀ ਡਾ ਵੰਦਿਤਾ ਨੇ ਜਾਣਕਾਰੀ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸਿਵਲ ਸਰਜਨ ਰੂਪਨਗਰ ਡਾ.ਪਰਮਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ ਅਤੇ ਅਤੇ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਨਜਦੀਕੀ ਪਿੰਡ ਕੋਟਲਾ ਪਾਵਰ ਹਾਊਸ ਹੋਮੀ ਭਾਵਾ ਕੈਂਸਰ ਹਸਪਤਾਲ ਕੈਂਸਰ ਮੁੱਲਾਂਪੁਰ ਦੀ ਟੀਮ ਦੇ ਵੱਲੋਂ ਅਤੇ ਸਿਹਤ ਵਿਭਾਗ ਕੀਰਤਪੁਰ ਸਾਹਿਬ ਦੀ ਟੀਮ ਦੇ ਦੇ ਸਹਿਯੋਗ ਨਾਲ ਔਰਤਾਂ ਦੇ ਕੈਂਸਰ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਔਰਤਾਂ ਦੇ ਛਾਤੀ ਕੈਂਸਰ ਤੇ ਸਰਵਾਈਕਲ ਕੈਂਸਰ ਦੀ ਜਾਂਚ ਲਈ ਇੱਕ ਵਿਸ਼ੇਸ਼ ਸਕ੍ਰੀਨਿੰਗ ਕੈਂਪ ਕਰਵਾਇਆ ਗਿਆ। ਇਸ ਮੌਕੇ ਤੇ ਪਹੁਚੇ ਡਾ. ਵੰਦਿਤਾ ਨੇ ਕਿਹਾ ਕਿ ਕੈਂਸਰ ਇੱਕ ਖਤਰਨਾਕ ਬਿਮਾਰੀ ਹੈ, ਇਸਦਾ ਸਮੇਂ ਸਿਰ ਇਲਾਜ ਹੋਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਬਿਮਾਰੀ ਪ੍ਰਤੀ ਸਾਨੂੰ ਜਾਗਰੂਕ ਰਹਿਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿਚ ਅਜਿਹੀ ਭਿਆਨਕ ਬਿਮਾਰੀ ਤੋਂ ਨਿਜ਼ਾਤ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੈਂਸਰ ਦੇ ਕਾਰਣਾਂ, ਲੱਛਣਾਂ ਤੇ ਇਲਾਜ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ ਅਤੇ ਔਰਤਾਂ ਵਿੱਚ ਛਾਤੀ, ਬੱਚੇਦਾਨੀ ਦੇ ਮੂੰਹ (ਸਰਵੀਕਸ), ਗਾਲ ਬਲੈਡਰ, ਆਦਿ ਦਾ ਕੈਂਸਰ ਪਾਇਆ ਜਾਂਦਾ ਹੈ। ਉਨ੍ਹਾਂ ਇਸ ਮੌਕੇ ਕੈਂਸਰ ਦੇ ਲੱਛਣ, ਇਲਾਜ ਤੇ ਪ੍ਰਹੇਜ਼ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੈਂਸਰ ਇੱਕ ਬਿਮਾਰੀ ਹੈ ਜੋ ਸਰੀਰ ਦੇ ਕਿਸੇ ਵੀ ਭਾਗ ਵਿਚ ਕੋਸ਼ਾਕਾਵਾ ਦੀ ਬੇਕਾਬੂ ਵੰਡ ਦੇ ਕਾਰਨ ਹੁੰਦੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ਜਿਵੇਂ ਕਿ ਦੂਸਿਤ ਵਾਤਾਵਰਨ, ਘਟੀਆਂ ਅਤੇ ਮਸਾਲੇਦਾਰ ਪਦਾਰਥਾਂ ਦੀ ਖਾਣ ਲਈ ਵਰਤੋਂ, ਤੰਬਾਕੂ ਦੀ ਵਰਤੋਂ, ਫਸਲਾਂ ’ਤੇ ਜ਼ਿਆਦਾ ਸਪਰੇਆਂ ਦੀ ਵਰਤੋਂ ਆਦਿ।ਉਨ੍ਹਾਂ ਕਿਹਾ ਕਿ ਸੰਤੁਲਤ ਖੁਰਾਕ ਲੈਣ, ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸੁਧਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਂਸਰ ਤੋਂ ਬਚਾਅ ਲਈ ਸਿਹਤਮੰਦ ਜੀਵਨਸ਼ੈਲੀ ਨੂੰ ਅਪਣਾਇਆ ਜਾਵੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੀਐਚਓ ਭਵਰੀਤ ਕੌਰ,ਸੀਐਚਓ ਰਾਜਪ੍ਰੀਤ ਕੌਰ, ਬਲਜਿੰਦਰ ਕੌਰ, ਨਿਸ਼ਾ, ਰਵਿੰਦਰ ਸਿੰਘ ਐਲਥ ਵਰਕਰ, ਚੰਚਲ, ਸੁਖਜੀਤ , ਦੀਪਕ ਅਤੇ ਆਸ਼ਾ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ

# ਦੋ ਰੋਜ਼ਾ ਰਾਸ਼ਟਰੀ ਓਨਕੋਲੋਜੀ ਕਾਨਫਰੰਸ ਸਮਾਪਤ ਹੋਈ

## ➢ ਕਾਨਫਰੰਸ ਵਿੱਚ ਦੇਸ਼ ਭਰ ਤੋਂ ਤਕਰੀਬਨ 150 ਕੈਂਸਰ ਮਾਹਿਰਾਂ ਨੇ ਹਿੱਸਾ ਲਿਆ







**• ਮੁਹਾਲੀ**

’ਪ੍ਰੀਸੀਜ਼ਨ ਮੈਡੀਸਨ ਐਂਡ ਮੋਲੀਕਿਊਲਰ ਓਨਕੋਲੋਜੀ’ ਵਿਸ਼ੇ ’ਤੇ ਦੋ ਰੋਜ਼ਾ ਨੈਸ਼ਨਲ ਓਨਕੋਲੋਜੀ ਕਾਨਫਰੰਸ ਐਤਵਾਰ ਨੂੰ ਮੁਹਾਲੀ ਦੇ ਇੱਕ ਹੋਟਲ ਵਿੱਚ ਸਮਾਪਤ ਹੋਈ ।ਕਾਨਫਰੰਸ ਵਿੱਚ ਦੇਸ਼ ਭਰ ਤੋਂ ਤਕਰੀਬਨ 150 ਕੈਂਸਰ ਮਾਹਿਰਾਂ ਨੇ ਹਿੱਸਾ ਲਿਆ ਅਤੇ ਕੈਂਸਰ ਦੇ ਇਲਾਜ ਦੇ ਖੇਤਰ ਵਿੱਚ ਨਵੀਨਤਮ ਸਫਲਤਾਵਾਂ ਅਤੇ ਤਰੱਕੀ ਬਾਰੇ ਚਰਚਾ ਕੀਤੀ।ਕਾਨਫਰੰਸ ਦੌਰਾਨ ਵਿਚਾਰੇ ਗਏ ਮੁੱਖ ਵਿਸ਼ੇ ਹਨ; ਪ੍ਰੀਸੀਜ਼ਨ ਮੈਡੀਸਨ ਐਂਡ ਮੋਲੀਕਿਊਲਰ ਓਨਕੋਲੋਜੀ, ਐਡਵਾਂਸਡ ਬਿਲੀਰੀ ਟ?ਰੈਕਟ ਕੈਂਸਰ ਦੇ ਪ੍ਰਬੰਧਨ ਵਿੱਚ ਤਰੱਕੀ, ਮੈਟਾਸਟੈਟਿਕ ਪੈਨਕ੍ਰੀਆਟਿਕ ਕੈਂਸਰ ਦੇ ਪ੍ਰਬੰਧਨ ਵਿੱਚ ਤਰੱਕੀ, ਰੀਨਲ ਸੈੱਲ ਕਾਰਸਿਨੋਮਾ ਲਈ ਸਹਾਇਕ ਥੈਰੇਪੀ, ਪ੍ਰੋਸਟੇਟ ਕੈਂਸਰ ਵਿੱਚ ਪ੍ਰੀਸੀਜ਼ਨ ਓਨਕੋਲੋਜੀ, ਛਾਤੀ ਅਤੇ ਅੰਡਕੋਸ਼ ਦੇ ਕੈਂਸਰ ਦੀ ਸਕ੍ਰੀਨਿੰਗ ਅਤੇ ਰੋਕਥਾਮ, ਐਡਵਾਂਸਡ ਸਰਵਾਈਕਲ ਕੈਂਸਰ ਦਾ ਪ੍ਰਬੰਧਨ ਅਤੇ ਅਸਧਾਰਨ ਪੇਟ ਦੇ ਗੰਢਾਂ ਲਈ ਸਕ੍ਰੀਨਿੰਗ ਅਤੇ ਰੋਕਥਾਮ ਅਤੇ ਬਾਲ ਔਨਕੋਲੋਜੀ ਵਿੱਚ ਪ੍ਰੀਸੀਜ਼ਨ ਮੈਡੀਸਨ। ਡਾ. ਸਚਿਨ ਗੁਪਤਾ, ਸੀਨੀਅਰ ਓਨਕੋਲੋਜਿਸਟ, ਜੋ ਕਾਨਫਰੰਸ ਦਾ ਆਯੋਜਨ ਕਰ ਰਹੇ ਹਨ, ਨੇ ਕਿਹਾ, ÷ਕਿਉਂਕਿ ਕੈਂਸਰ ਵਿਸ਼ਵਵਿਆਪੀ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ, ਇਸ ਲਈ ਮਾਹਿਰਾਂ ਦੀ ਇਸ ਕਾਨਫਰੰਸ ਤੋਂ ਪਰਿਵਰਤਨਸ਼ੀਲ ਨਤੀਜੇ ਨਿਕਲਣ ਦੀ ਉਮੀਦ ਹੈ ਜੋ ਮਰੀਜ਼ਾਂ ਅਤੇ ਡਾਕਟਰਾਂ ਦੋਵਾਂ ਨੂੰ ਸਿੱਧੇ ਤੌਰ ’ਤੇ ਲਾਭ ਪਹੁੰਚਾਏਗੀ ਡਾ ਸ਼ਵੇਤਾ ਗੁਪਤਾ ਸੀਨੀਅਰ ਗਾਇਨਾਕੋਲੋਜਿਸਟ, ਲੈਪਰੋਸਕੋਪਿਕ ਅਤੇ ਰੋਬੋਟਿਕ ਸਰਜਨ ਨੇ ਔਰਤਾਂ ਲਈ ਕੈਂਸਰ ਦੇ ਇਲਾਜ ਇਸ ਮੌਕੇ, ਵੈਟਰਨ ਓਨਕੋਲੋਜਿਸਟ ਡਾ. ਅਸ਼ੋਕ ਵੈਦ ਨੂੰ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਵਜੋਂ ਸਨਮਾਨਿਤ ਕੀਤਾ ਗਿਆ। ਡਾ ਹਰਿਤ ਚਤੁਰਵੇਦੀ ਸੀਨੀਅਰ ਹੈੱਡ ਆਫ਼ ਓਨਕੋਲੋਜੀ ਸਰਵਿਸਿਜ਼, ਮੈਕਸ ਹਸਪਤਾਲ ਦਿੱਲੀ, ਡਾ. ਰਾਕੇਸ਼ ਕਪੂਰ ਪੀਜੀਆਈਐਮਈਆਰ ਚੰਡੀਗੜ੍ਹ ਅਤੇ ਡਾ. ਡੀ.ਸੀ. ਡੋਵਾਲ ਡਾਇਰੈਕਟਰ ਓਨਕੋਲੋਜੀ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ ਦਿੱਲੀ ਨੂੰ ਵੀ ਸਨਮਾਨਿਤ ਕੀਤਾ ਗਿਆ।

ਰੋਜ਼ਾਨਾ ਲੋਕ ਬਾਣੀ

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਉੱਚੇ ਵਿਚਾਰਾਂ 'ਚੋਂ ਝਲਕਦੀ ਸੂਝ; ਸੋਚਾਂ ਦੀ ਗ਼ਰੀਬੀ ਨੇ ਮਨੁੱਖ ਨੂੰ ਬਣਾ ਦਿੱਤਾ ਬੌਣਾ



**ਮਨੁੱਖੀ** ਜੀਵਨ ਬਹੁਰੰਗੀ ਹੈ। ਹਰ ਕਿਸੇ ਦੀ ਜੀਵਨ-ਤੋਰ ਵੱਖਰੀ ਤੇ ਵਿਲੱਖਣ ਹੈ। ਕੁਝ ਲੋਕ ਪੈਸਾ ਤੇ ਹੋਰ ਪਦਾਰਥਕ ਵਸਤਾਂ ਵਿੱਚੋਂ ਹੀ ਜ਼ਿੰਦਗੀ ਲੱਭਦੇ ਹਨ ਤੇ ਕੁਝ ਲੋਕ ਅਜਿਹੇ ਵੀ ਹਨ, ਜਿਵੇਂ ਆਰਥਿਕ ਰੂਪ ਵਿਚ ਤਾਂ ਭਾਵੇਂ ਬਹੁਤ ਪੱਛੜੇ ਹੋਏ ਹੋਣ ਪਰ ਸਬਰ ਤੇ ਸੰਤੋਖ ਨਾਲ ਵਰੋਸਾਏ ਅਜਿਹੇ ਲੋਕਾਂ ਦੇ ਚਿਹਰੇ ਤੋਂ ਜੀਵਨ ਦੀ ਖ਼ੁਸ਼ੀ ਸਪੱਸ਼ਟ ਦਿਖਾਈ ਦਿੰਦੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੈਸਾ ਜ਼ਿੰਦਗੀ ਦੀ ਲੋੜ ਹੈ। ਪਰ ਪੈਸਾ ਕਿਸੇ ਤਰ੍ਹਾਂ ਵੀ ਜ਼ਿੰਦਗੀ ਨਹੀਂ ਹੈ। ਸਾਦਗੀ ਤੇ ਸਹਿਜ ਰੂਪ ਵਿਚ ਜੀਵਨ ਜਿਊਣਾ ਵਿਰਲੇ ਲੋਕਾਂ ਦੇ ਹੀ ਹਿੱਸੇ ਆਉਂਦਾ ਹੈ। ਸਮਾਜ ਦੇ ਵੱਡੀ ਗਿਣਤੀ ਲੋਕ ਦਿਖਾਵੇ ਦੇ ਭਰਮਜਾਲ ਤੇ ਚਕਾਚੌਂਧ ਵਿਚ ਪੈ ਕੇ ਅਜਿਹਾ ਜੀਵਨ ਜਿਊਣ ਦੀ ਤਾਂਘ ਵਿਚ ਵਿਚਰਦੇ ਹਨ ਕਿ ਉਹ ਦੂਜਿਆਂ ਤੋਂ ਬਿਲਕੁਲ ਵੱਖਰੇ ਜਾਪਣ। ਪਾਣੀ ਵਾਂਗ ਪੈਸਾ ਵਹਾ ਕੇ ਆਪਣੀ ਹਉਮੈ ਨੂੰ ਹੀ ਪੱਠੇ ਪਾਉਣੇ ਅਜਿਹੇ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਜਾਂਦਾ ਹੈ। ਅਸਲ ਵਿਚ ਅਜੋਕੇ ਸਮੇਂ ਵਿਚ ਜੀਵਨ ਵਿੱਚੋਂ ਸਾਦਗੀ ਲਗਾਤਾਰ ਅਲੋਪ ਹੁੰਦੀ ਜਾ ਰਹੀ ਹੈ। ਸਾਦਾ ਜੀਵਨ ਤੇ ਉੱਚੀ ਸੋਚ ਦਾ ਮੁਹਾਵਰਾ ਤਾਂ ਜਿਵੇਂ ਸਮਿਆਂ ਦੀ ਧੂੜ ਵਿਚ ਹੀ ਕਿਤੇ ਗੁਆਚ ਗਿਆ ਹੈ। ਬਿਨਾਂ ਸ਼ੱਕ ਸਮੇਂ ਦੇ ਬਦਲਣ ਨਾਲ ਜੀਵਨ-ਜਾਚ ਦੇ ਢੰਗ ਤਰੀਕੇ ਵੀ ਬਦਲ ਜਾਂਦੇ ਹਨ। ਇਸ ਬਦਲ ਰਹੀ ਸਥਿਤੀ ਬਾਰੇ ਹੀ ਮਨੁੱਖ ਨੇ ਆਪਣੀ ਸੂਝ ਨਾਲ ਸੋਚਣਾ ਹੈ ਕਿ ਉਸ ਨੇ ਜੀਵਨ ਕਿਸ ਤਰ੍ਹਾਂ ਜਿਊਣਾ ਹੈ। ਜੇ ਮਨੁੱਖ ਦਿਖਾਵੇ ਦੇ ਭਰਮ-ਜਾਲ ਵਿਚ ਫਸ ਕੇ ਅਜਿਹੇ ਜੀਵਨ ਵਿਚ ਖੱਚਿਤ ਹੋ ਜਾਂਦਾ ਹੈ ਤਾਂ ਇਹ ਸਮਾਜ ਲਈ ਕਿਸੇ ਤਰ੍ਹਾਂ ਵੀ ਲਾਭਕਾਰੀ ਨਹੀਂ ਕਿਹਾ ਜਾ ਸਕਦਾ। ਜ਼ਿੰਦਗੀ ਦੀ ਸ਼ਾਨੋ-ਸ਼ੌਕਤ ਤਾਂ ਬਹੁਤ ਉੱਚੀ ਹੋ ਗਈ ਹੈ, ਪਰ ਸੋਚਾਂ ਦੀ ਗ਼ਰੀਬੀ ਨੇ ਮਨੁੱਖ ਨੂੰ ਬਹੁਤ ਬੌਣਾ ਕਰ ਦਿੱਤਾ ਹੈ। ਜੀਵਨ ਦੇ ਹਰ ਸਰੋਕਾਰ 'ਤੇ ਪੈਸਾ ਹੀ ਭਾਰੂ ਹੋ ਗਿਆ ਹੈ। ਸਮਾਜ ਵਿਚ ਕਿਸੇ ਮਨੁੱਖ ਦੀ ਪਛਾਣ ਦੌਲਤ, ਜ਼ਮੀਨ-ਜਾਇਦਾਦ, ਕੋਠੀਆਂ ਕਾਰਾਂ ਤੇ ਅਨੇਕਾਂ ਹੋਰ ਪਦਾਰਥਕ ਵਸਤਾਂ ਦੀ ਬਹੁਲਤਾ ਨਾਲ ਹੀ ਆਂਕੀ ਜਾਣ ਦਾ ਰੁਝਾਨ ਭਾਰੂ ਹੈ। ਜ਼ਿੰਦਗੀ ਦੀ ਦੌੜ ਵਿਚ ਇਕ ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਤੇ ਲਾਲਸਾ ਵਿਚ ਮਨੁੱਖ ਇਹ ਵੀ ਭੁੱਲ ਜਾਂਦਾ ਹੈ ਕਿ ਉਹ ਕਈਆਂ ਨੂੰ ਪੈਰਾਂ ਹੇਠ ਲਤਾੜਦਾ, ਦੁੱਖ ਪਹੁੰਚਾਉਂਦਾ ਅੱਗੇ ਵਧੀ ਜਾਂਦਾ ਹੈ। ਧਨ ਦੌਲਤ, ਜਾਇਦਾਦਾਂ ਤੇ ਹੋਰ ਵਸਤਾਂ ਦੀ ਪ੍ਰਾਪਤੀ ਲਈ ਮਨੁੱਖ ਕਈ ਵਾਰ ਗਲਤ ਰਸਤੇ ਅਖਤਿਆਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਬਹੁਤ ਕੁਝ ਪ੍ਰਾਪਤ ਹੋ ਵੀ ਜਾਵੇ ਤਾਂ ਮਨੁੱਖੀ ਮਨ ਵਿਚ ਹੋਰ ਦੀ ਲਾਲਸਾ ਪੈਦਾ ਹੋ ਜਾਂਦੀ ਹੈ, ਤੇ ਉਹ ਆਪਣਾ ਸੁੱਖ-ਆਰਾਮ ਤੇ ਚੈਨ ਵੀ ਖੋਹ ਬਹਿੰਦਾ ਹੈ। ਮਨੁੱਖ ਹਫਿਆ ਹੋਇਆ ਦੌੜਿਆ ਜਾ ਰਿਹਾ ਹੈ, ਪਰ ਕਿਤੇ ਵੀ ਪਹੁੰਚ ਨਹੀਂ ਰਿਹਾ ਅਜੋਕੇ ਤੇਜ਼ ਰਫਤਾਰ ਸਮਿਆਂ ਵਿਚ ਵੀ ਮਨੁੱਖ ਕੋਲ ਸਮਾਂ ਨਹੀਂ ਹੈ ਉਹ ਹਰ ਵੇਲੇ ਕਿਸੇ ਤੋੜਾ-ਖੋਹੀ ਵਿਚ ਰੁੱਝਿਆ ਤਣਾਉ ਵਿਚ ਹੀ ਵਿਚਰਦਾ ਨਜ਼ਰ ਆਉਂਦਾ ਹੈ। ਕਿਸੇ ਨਾਲ ਮਿਲ ਬੈਠ ਕੇ ਦੁੱਖ-ਸੁੱਖ ਸਾਂਝਾ ਕਰਨ ਦੀ ਗੱਲ ਤਾਂ ਛੱਡੋ, ਮਨੁੱਖ ਕੋਲ ਤਾਂ ਆਪਣੇ ਆਪ ਨੂੰ ਮਿਲਣ ਦੀ ਵੀ ਵਿਹਲ ਨਹੀਂ ਹੈ। ਕਿਸੇ ਦੀ ਖ਼ੁਸ਼ੀ-ਗ਼ਮੀ ਵਿਚ ਸ਼ਾਮਲ ਹੋਣਾ ਵੀ ਮਹਿਜ਼ ਰਸਮੀ ਤੇ ਮੂੰਹ-ਮਲਾਹਜ਼ੇ ਤੱਕ ਸੀਮਤ ਹੋ ਗਿਆ ਹੈ। ਆਪਣੇ ਰੁਝੇਵਿਆਂ ਦਾ ਰੋਣਾ ਰੋਂਦਾ ਮਨੁੱਖ ਹਫਿਆ ਹੋਇਆ ਹੀ ਕਿਸੇ ਖ਼ੁਸ਼ੀ/ਗ਼ਮੀ ਵਿਚ ਸ਼ਾਮਲ ਹੁੰਦਾ ਹੈ। ਸਹਿਜ ਤੇ ਠਰੰ?ਮਾ ਤਾਂ ਜਿਵੇਂ ਮਨੁੱਖੀ ਜ਼ਿੰਦਗੀ ਵਿੱਚੋਂ ਲੋਪ ਹੀ ਹੋ ਗਿਆ ਹੈ ਅਜੋਕੇ ਮਨੁੱਖ ਕੋਲ ਤਾਂ ਆਪਣੇ ਸਰੀਰ ਦੀ ਸੰਭਾਲ ਕਰਨ ਦਾ ਸਮਾਂ ਵੀ ਨਹੀਂ ਹੈ। ਉਹ ਹਫਿਆ ਹੋਇਆ ਤੇ ਬੇਲੋੜੀ ਕਾਹਲ ਵਿਚ ਹੀ ਬੁਰਕੀ ਸੰਘੋਂ ਲੰਘਾਉਂਦਾ ਹੈ। ਕਿਸੇ ਬਿਮਾਰ ਲਈ, ਕਿਸੇ ਦੁਖਿਆਰੇ ਲਈ, ਉਹਦੇ ਕੋਲ ਹਮਦਰਦੀ ਦੇ ਦੋ ਬੋਲ ਸਾਂਝੇ ਕਰਨ ਦਾ ਵੀ ਸਮਾਂ ਨਹੀਂ ਹੈ। ਮਨੁੱਖ ਦੇ ਪੈਰਾਂ ਨੂੰ ਕੋਈ ਅਜਿਹਾ ਚੱਕਰ ਲੱਗ ਗਿਆ ਹੈ ਕਿ ਸੜਕ 'ਤੇ ਪਏ ਕਿਸੇ ਜ਼ਖ਼ਮੀਂ ਦੀ ਤੜਪ ਸੁਣਨ ਦੀ ਵੀ ਉਸ ਨੂੰ ਫੁਰਸਤ ਨਹੀਂ ਹੈ। ਸਹਿਣਸ਼ੀਲਤਾ ਜੀਵਨ ਵਿਚੋਂ ਕਿਰ ਜਾਣ ਨਾਲ, ਹਰ ਮਨੁੱਖ ਦੂਜੇ ਦੀ ਗੱਲ ਦਾ ਜਵਾਬ ਡਿਊਢਾ ਕਰ ਕੇ ਮੋੜਦਾ ਹੈ। ਗੁੱਸਾ, ਤਲਖ਼ੀ, ਤਣਾਓ, ਨਫ਼ਰਤ, ਹਊਮੈ, ਅ?ਤਘਣਤਾ ਅਜੋਕੇ ਮਨੁੱਖ ਦੇ ਚਿਹਰੇ 'ਤੇ ਚਿਪਕੇ ਸਪੱਸ਼ਟ ਦਿਖਾਈ ਦਿੰਦੇ ਹਨ। ਜ਼ਮੀਨਾਂ ਜਾਇਦਾਦਾਂ ਦੇ ਝਗੜੇ, ਲਗਾਤਾਰ ਵਿਕਰਾਲ ਰੂਪ ਧਾਰਨ ਕਰਦੇ ਜਾ ਰਹੇ ਹਨ। ਝੂਠ, ਫਰੇਬ, ਧੋਖਾ ਤੇ ਲਾਲਸਾ ਦੇ ਗੂੜ੍ਹੇ ਹੋ ਰਹੇ ਪਰਛਾਵਿਆਂ ਨੇ ਮਨੁੱਖੀ ਮਨ ਦੀ ਸਹਿਜਤਾ ਨੂੰ ਭੰਗ ਕਰ ਦਿੱਤਾ ਹੈ ਅਸਲ ਵਿਚ ਸਾਦਗੀ, ਸਹਿਜਤਾ, ਸਵੈਮਾਨ, ਸੁਹਿਰਦਤਾ ਵਰਗੇ ਮਨੁੱਖੀ ਗੁਣ, ਲੋਕਾਂ ਦੇ ਜੀਵਨ ਵਿਚੋਂ ਮਨਫੀ ਹੁੰਦੇ ਜਾ ਰਹੇ ਹਨ। ਧਨਾਢ ਲੋਕਾਂ ਨੇ ਦੋ ਨੰਬਰ ਦੇ ਤਰੀਕਿਆਂ ਨਾਲ ਕਮਾਈ ਦੌਲਤ ਦਾ ਦਿਖਾਵਾ ਕਰਦਿਆਂ, ਸਮਾਜ 'ਚ ਅਜਿਹੀਆਂ ਪਿਰਤਾਂ ਪਾ ਦਿੱਤੀਆਂ ਹਨ ਕਿ ਪੂਰਾ ਸਮਾਜ ਹੀ ਇਸ ਰਾਹੇ ਤੁਰ ਪਿਆ ਹੈ। ਸੀਮਤ ਸਾਧਨਾਂ ਵਾਲੇ ਮੱਧਵਰਗੀ ਲੋਕ ਵੀ ਵਿਆਹ-ਸ਼ਾਦੀ ਤੇ ਹੋਰ ਸਮਾਜਿਕ ਸਮਾਗਮਾਂ ਸਮੇਂ, ਅੱਡੀਆਂ ਚੁੱਕ-ਚੁੱਕ ਕੇ ਫਾਹਾ ਲੈਂਦੇ ਹਨ। ਸਾਧਾਰਨ ਤੇ ਸਾਧਨਹੀਣ ਆਮ ਆਦਮੀ ਦੇ ਮਨ 'ਤੇ ਇਨ੍ਹਾਂ ਗੱਲਾਂ ਦਾ ਬਹੁਤ ਬੁਰਾ ਅਸਰ ਹੁੰਦਾ ਹੈ। ਉਹ ਆਪਣੀ ਗਰੀਬੀ 'ਤੇ ਝੂਰਦਾ ਬੇਬਸੀ ਵਿਚ ਦਰਦਮਈ ਜੀਵਨ ਹੰਢਾਉਂਦਾ ਹੈ। ਸਮਾਜ ਸੇਵਾ ਦੇ ਨਾਂ 'ਤੇ ਵੀ ਕਈ ਵਾਰ ਦਿਖਾਵੇ ਦੀ ਲਾਲਸਾ ਹੀ ਦਿਖਾਈ ਦਿੰਦੀ ਹੈ। ਕਿਸੇ ਲਾਚਾਰ ਬੰਦੇ ਦੀ ਗ਼ਰੀਬੀ ਦਾ ਮਜ਼ਾਕ ਉਡਾਉਂਦਿਆਂ, ਇਕ ਕੰਬਲ ਦੇ ਕੇ ਫੋਟੋਆਂ ਦਾ ਪ੍ਰਦਰਸ਼ਨ ਕਰਦਿਆਂ, ਆਪਣੇ ਦਾਨੀ ਹੋਣ ਦੀ ਪਿੱਠ ਆਪ ਹੀ ਥਾਪੜੀ ਜਾਂਦੀ ਹੈ। ਦਿਖਾਵੇ ਦੀ ਲਾਲਸਾ ਏਨੀ ਭਾਰੂ ਹੋ ਗਈ ਹੈ ਕਿ ਸਮਾਜ ਸੇਵਾ ਦੇ ਬਹਾਨੇ ਨਾਲ ਸੋਸ਼ਲ ਮੀਡੀਆ 'ਤੇ ਖ਼ੂਬ ਪ੍ਰਚਾਰ ਕੀਤਾ ਜਾਂਦਾ ਹੈ, ਅਖਬਾਰਾਂ ਵਿਚ ਖ਼ਬਰਾਂ ਤੇ ਫੋਟੋ ਛਪਦੀਆਂ ਹਨ।

### *ਦਿਖਾਵੇ ਦੀ ਲਾਲਸਾ*

ਆਪਣੀ ਹਉਮੈ ਦਾ ਪ੍ਰਗਟਾਵਾ ਕਰਦਿਆਂ, ਸ਼ਾਨੋ-ਸ਼ੌਕਤ ਤੇ ਦਿਖਾਵੇ ਦੀ ਲਾਲਸਾ ਕਾਰਨ ਸਿਆਸੀ ਨੇਤਾ, ਧਨਾਢ ਉਦਯੋਗਪਤੀ, ਵੱਡੇ ਸਰਕਾਰੀ ਅਧਿਕਾਰੀ ਤੇ ਹੋਰ ਸਰਦੇ-ਪੁੱਜਦੇ ਵਿਅਕਤੀ, ਜੀਵਨ ਵਿਚ ਵਿਚਰਦਿਆਂ ਪੈਸੇ ਦੀ ਅੰਨ੍ਹੀ ਦੁਰਵਰਤੋਂ ਕਰਦੇ ਹਨ। ਇਸ ਗੱਲ ਵਿਚ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਦੋ ਨੰਬਰ ਤੋਂ ਬਿਨਾਂ ਏਨੀ ਕਮਾਈ ਕੀਤੀ ਹੀ ਨਹੀਂ ਜਾ ਸਕਦੀ। ਪਤਾ ਨਹੀਂ ਕਿੰਨੇ ਲੋਕਾਂ ਦਾ ਖ਼ੂਨ ਚੂਸ ਕੇ ਅਜਿਹੀ ਕਮਾਈ ਕੀਤੀ ਜਾਂਦੀ ਹੈ। ਸਾਡੇ ਆਲੇ-ਦੁਆਲੇ ਵਿਚ ਬਹੁਤ ਲੋਕ ਅਜਿਹੇ ਹਨ ਜਿਹੜੇ ਅਣਹੋਇਆਂ ਦਾ ਜੀਵਨ ਬਸਰ ਕਰਦੇ ਹਨ। ਜਿਨ੍ਹਾਂ ਦੇ ਜੀਵਨ ਖ਼ੁਸ਼ੀਆਂ ਤੋਂ ਸੱਖਣੇ ਹਨ। ਸੰਜਮ ਤੇ ਸਾਦਗੀ ਦੇ ਰਾਹ ਤੁਰ ਕੇ ਅਜਿਹੇ ਸਾਧਨਹੀਣ ਲੋਕਾਂ ਵੱਲ ਵੀ ਇਕ ਨਜ਼ਰ ਮਾਰ ਲੈਣੀ, ਜੀਵਨ ਦੀ ਸਾਰਥਿਕਤਾ ਵੱਲ ਹੀ ਇਕ ਕਦਮ ਹੋਵੇਗਾ। ਜਿਹੜੀ ਖ਼ੁਸ਼ੀ ਅਜਿਹੇ ਕੰਮਾਂ ਵਿੱਚੋਂ ਪ੍ਰਾਪਤ ਹੁੰਦੀ ਹੈ, ਉਹਦੀ ਸ਼ਿੱਦਤ ਹੀ ਵੱਖਰੀ ਹੁੰਦੀ ਹੈ। ਬਾਬਾ ਨਾਨਕ ਨੇ ਮਨੁੱਖ ਨੂੰ ਸੱਚੀ-ਸੁੱਚੀ ਕਿਰਤ ਦਾ ਰਾਹ ਦੱਸਿਆ ਹੈ, ਪਰ ਅਜੋਕੇ ਮਨੁੱਖ ਨੂੰ ਦਸਾਂ ਨੌਹਾਂ ਦੀ ਕਿਰਤ ਵਿਚ ਵਿਸ਼ਵਾਸ ਹੀ ਨਹੀਂ ਰਿਹਾ। ਮਨੁੱਖ ਨੇ ਲਾਲਸਾਵਾਂ ਏਨੀਆਂ ਵਧਾ ਲਈਆਂ ਹਨ ਕਿ ਉਹ ਹੋਰ ਹੋਰ ਵਸੀਲਿਆਂ ਦੀ ਭਾਲ ਕਰਨ 'ਚ ਲੱਗਾ ਰਹਿੰਦਾ ਹੈ। ਉਹਦੀ ਮਾਨਸਿਕਤਾ 'ਚ ਇਹ ਗੱਲ ਵਸ ਗਈ ਹੈ ਕਿ ਨੇਕ ਤੇ ਇਮਾਨਦਾਰੀ ਦੀ ਕਮਾਈ ਨਾਲ ਉਹ ਜ਼ਿੰਦਗੀ ਜਿਊ ਨਹੀਂ ਸਕਦਾ। ਇਸੇ ਕਾਰਨ ਉਹ ਬਿਨਾਂ ਮਿਹਨਤ ਕੀਤਿਆਂ, ਜਾਇਜ਼/ਨਜਾਇਜ਼ ਢੰਗ ਵਰਤ ਕੇ, ਧਨ ਇਕੱਠਾ ਕਰਨ ਦੇ ਰਾਹ ਤੁਰ ਪੈਂਦਾ ਹੈ। ਚੰਗੀਆਂ ਤਨਖ਼ਾਹਾਂ ਲੈਂਦੇ ਲੋਕ ਵੀ ਲਾਲਚ-ਵਸ 'ਉਤਲੀ ਕਮਾਈ' ਨਾਲ ਦੌਲਤ ਇਕੱਠੀ ਕਰਨ ਦੇ ਰਾਹ ਤੁਰ ਪੈਂਦੇ ਹਨ। ਕਈ ਸਾਲ ਸਿਆਸਤ ਵਿਚ ਰਹਿ ਕੇ ਹੀ ਬਹੁਤੇ ਨੇਤਾ ਆਪਣੀਆਂ ਕਈ ਕਈ ਪੀੜ੍ਹੀਆਂ ਲਈ ਦੌਲਤ ਤੇ ਜਾਇਦਾਦ ਦੇ ਅੰਬਾਰ ਲਗਾ ਲੈਂਦੇ ਹਨ, ਪਰ ਉਨ੍ਹਾਂ ਦਾ ਮਨ ਫਿਰ ਵੀ ਨਹੀਂ ਭਰਦਾ। ਬਾਅਦ ਵਿਚ ਭਾਵੇਂ ਅਦਾਲਤਾਂ ਦੀਆਂ ਤਰੀਕਾਂ ਭੁਗਤਦੇ ਰਹਿਣ। ਅਜੋਕੇ ਸਮਿਆਂ ਵਿਚ ਪੈਸਾ ਜੀਵਨ ਦਾ ਪੀਰ ਬਣਿਆ ਹੋਇਆ ਹੈ।

# ਪੰਜਾਬ ਦੇ ਪ੍ਰਾਇਮਰੀ ਅਧਿਆਪਕਾਂ ਦੀ ਰੈਸਨੇਲਾਈਜੇਸ਼ਨ ਸਰਕਾਰ ਸੋਚ ਸਮਝ ਕੇ ਕਰੇ : ਈਟੀਟੀ ਅਧਿਆਪਕ ਯੂਨੀਅਨ ਪੰਜਾਬ

## ਪੰਜਾਬ ਭਰ ਦੇ ਅਧਿਆਪਕਾਂ ਤੇ ਉਨ੍ਹਾਂ ਦੇ ਪਰਿਵਾਰਾਂ 'ਚ ਪੈਦਾ ਹੋ ਰਹੇ ਤਨਾਅ ਨੂੰ ਪੰਜਾਬ ਸਰਕਾਰ ਤੁਰੰਤ ਦੂਰ ਕਰੇ : ਜਸਵਿੰਦਰ ਸਿੱਧੂ

• ਚੰਡੀਗੜ੍ਹ





ਪੰਜਾਬ ਰਾਜ ਦੀ ਸਿੱਖਿਆ ਨੀਤੀ ਨੂੰ ਉੱਪਰ ਚੁੱਕਣ ਹਿੱਤ ਜਿੱਥੇ ਪੰਜਾਬ ਸਰਕਾਰ ਇੱਕ ਪਾਸੇ ਸੋਸ਼ਲ ਮੀਡੀਆ ਰਾਹੀਂ ਸੂਬੇ ਭਰ ਵਿੱਚ ਆਪਣੀ ਧਾਕ ਜਮਾਉਣ ਵਿੱਚ ਲੱਗੀ ਹੋਈ ਹੈ, ਉੱਥੇ ਦੂਜੇ ਪਾਸੇ ਪੰਜਾਬ ਭਰ ਦੇ ਸਕੂਲਾਂ ਅੰਦਰ ਰੈਸਨੇਲਾਈਜੇਸ਼ਨ ਦੇ ਨਾਮ ਤੇ ਰਾਜ ਭਰ ਦੇ ਸਰਕਾਰੀ ਸਕੂਲਾਂ 'ਚ ਸੈਂਕੜੇ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਖਤਮ ਕਰ ਕੇ ਉਨ੍ਹਾਂ ਨੂੰ ਦੂਰ ਦੁਰਾਡੇ ਭੇਜਣ ਦੀ ਰੂਪ ਰੇਖਾ ਵੀ ਉਲੀਕ ਚੁੱਕੀ ਹੈ। ਸੂਬਾ ਪੱਧਰੀ ਪ੍ਰੈੱਸ ਨੋਟ ਜਾਰੀ ਕਰਦਿਆਂ ਈਟੀਟੀ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੁਰੰਤ ਦਖ਼ਲ ਦੇ ਕੇ ਇਸ ਗੰਭੀਰ ਮਸਲੇ ਨੂੰ ਹੱਲ ਕਰਨ, ਕਿਉਂ ਕਿ ਸਿੱਖਿਆ ਵਿਭਾਗ ਪੰਜਾਬ ਦੇ ਇਸ ਨਾਦਰਸ਼ਾਹੀ ਫੁਰਮਾਨ ਤਹਿਤ ਪੰਜਾਬ ਭਰ ਦੇ ਹਜ਼ਾਰਾਂ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ। ਸਿੱਧੂ ਨੇ ਦੱਸਿਆ ਕਿ ਸਿੱਖਿਆ ਨੀਤੀ ਤਹਿਤ ਹਰ ਪ੍ਰਾਇਮਰੀ ਸਕੂਲ ਵਿੱਚ ਘੱਟੋਂ ਘੱਟ ਦੋ ਈਟੀਟੀ ਟੀਚਰ ਲਾਜ਼ਮੀ ਹਨ ਅਤੇ ਇਸ ਤੋਂ ਇਲਾਵਾ ਕਾਨੂੰਨ ਤਹਿਤ ਤਾਂ ਇੱਕ ਪ੍ਰਾਇਮਰੀ ਸਕੂਲ ਵਿੱਚ 7 ਕਲਾਸਾਂ ਹਨ, ਸੋ ਜੇਕਰ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਰੋਲ ਮਾਡਲ ਅਤੇ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਆਣ ਖੜ੍ਹਾ ਕਰਨ ਦੀ ਗੱਲ ਕਰਦੀ ਹੈ, ਤਾਂ ਉਨ੍ਹਾਂ ਨੂੰ ਹਰ ਕਲਾਸ ਲਈ ਵੱਖੋ-ਵੱਖਰਾ ਭਾਵ ਪ੍ਰਾਇਮਰੀ ਸਕੂਲ ਵਿੱਚ ਘੱਟੋਂ ਘੱਟ 7 ਈਟੀਟੀ ਅਧਿਆਪਕ ਦੇਣੇ ਬਣਦੇ ਹਨ ਅਤੇ ਅਧਿਆਪਕਾਂ ਦੀਆਂ ਬੀਐਲਓ ਡਿਊਟੀਆਂ ਤੁਰੰਤ ਕੱਟਣੀਆਂ ਚਾਹੀਦੀਆਂ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਇਸ਼ਾਰਾ ਕਰਦਿਆਂ ਕਿਹਾ ਕਿ ਜੇਕਰ ਰੈਸਨੇਲਾਈਜੇਸ਼ਨ ਦੇ ਮੁੱਦੇ ਤੇ ਪਹਿਲਾਂ ਤੋਂ ਹੀ ਆਪੋ ਆਪਣੇ ਘਰਾਂ ਦੇ ਲਾਗੇ ਬੈਠੇ ਅਧਿਆਪਕਾਂ ਨੂੰ ਦੂਰ ਦੁਰਾਡੇ ਸੁੱਟ ਕੇ ਸਰਕਾਰੀ ਸਕੂਲਾਂ ਵਿੱਚ ਅਸਾਮੀਆਂ ਖਤਮ ਕਰਨ ਦਾ ਯਤਨ ਕੀਤਾ, ਤਾਂ ਪੰਜਾਬ ਦੀ ਧਰਤੀ ਅੰਦਰ ਸਮੂਹ ਅਧਿਆਪਕਾਂ ਦੇ ਸੰਘਰਸ਼ ਦੇ ਹੜ੍ਹ ਆਉਣ ਤੋਂ ਦੇਰ ਨਹੀਂ ਲੱਗੇਗੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਰਾਜ ਭਰ ਦੇ ਮੁਲਾਜ਼ਮ ਪਹਿਲਾਂ ਤੋਂ ਹੀ ਆਪਣੀ ਪੁਰਾਣੀ ਪੈਨਸ਼ਨ, ਕੱਟੇ ਗਏ ਭੱਤਿਆਂ ਦੀ ਬਹਾਲੀ, ਪ੍ਰਮੋਸ਼ਨਾਂ ਆਦਿ ਲਈ ਸਰਕਾਰ ਦੇ ਮੂੰਹ ਵੱਲ ਵੇਖ ਰਹੇ ਹਨ। ਸਿੱਧੂ ਨੇ ਕਿਹਾ ਕਿ ਇਹ ਸਰਕਾਰ ਉਨ੍ਹਾਂ ਆਪਣੇ ਹੱਥੀ ਅਤੇ ਸਮੂਹ ਮੁਲਾਜ਼ਮਾਂ ਦੇ ਸਹਿਯੋਗ ਨਾਲ ਬਣਾਈ ਹੈ, ਸੋ ਉਨ੍ਹਾਂ ਨੂੰ ਆਸ ਹੈ ਕਿ ਪੰਜਾਬ ਸਰਕਾਰ ਇਸ ਅਹਿਮ ਮਸਲੇ ਤੇ ਤੁਰੰਤ ਧਿਆਨ ਦੇਵੇਗੀ। ਇਸ ਮੌਕੇ ਜੰਥੇਬੰਦੀ ਦੇ ਸੂਬਾ ਸਰਪ੍ਰਸਤ ਰਣਜੀਤ ਸਿੰਘ ਬਾਠ, ਸੂਬਾ ਜਨਰਲ ਸਕੱਤਰ ਹਰਜੀਤ ਸਿੰਘ ਸੈਣੀ, ਸੂਬਾ ਆਗੂ ਰਛਪਾਲ ਸਿੰਘ ਵੜੈਚ, ਸੂਬਾ ਸੀਨੀਅਰ ਮੀਤ ਪ੍ਰਧਾਨ ਸਵਰਨਜੀਤ ਸਿੰਘ ਭਗਤਾ, ਬਲਰਾਜ ਸਿੰਘ ਘਲੋਟੀ, ਉੱਕਾਰ ਸਿੰਘ ਗੁਰਦਾਸਪੁਰ, ਸਕੱਤਰ ਜਨਰਲ ਬੂਟਾ ਸਿੰਘ ਮੋਗਾ, ਸੂਬਾ ਪ੍ਰੈੱਸ ਸਕੱਤਰ ਰਾਜੇਸ਼ ਕੁਮਾਰ ਬੁਢਲਾਡਾ, ਸੂਬਾ ਵਿੱਤ ਸਕੱਤਰ ਕੁਲਵਿੰਦਰ ਸਿੰਘ ਜਹਾਂਗੀਰ, ਜਸਵਿੰਦਰ ਬਰਗਾੜੀ, ਮੀਤ ਪ੍ਰਧਾਨ ਅਨੂਪ ਸ਼ਰਮਾਂ, ਮਾਝਾ ਜੋਨ ਪ੍ਰਧਾਨ ਜਗਤਾਰ ਸਿੰਘ ਮੈਨੇਲਾ, ਮਾਲਵਾ ਜੋਨ ਪ੍ਰਧਾਨ ਸੰਪੂਰਨ ਵਿਰਕ ਤੋਂ ਇਲਾਵਾ ਵੱਖ ਵੱਖ ਜ਼ਿਲ੍ਹਿਆਂ ਦੇ ਸੂਬਾ ਕਮੇਟੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਹਾਜ਼ਰ ਸਨ।

DIPS IMT
DIPS INSTITUTE OF MANAGEMENT & TECHNOLOGY
DIPS INSTITUTIONS
CHAIN OF DIPS INSTITUTIONS
KNOWLEDGE IS POWER
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਮਾਨ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾ ਦਾ ਲਾਭ ਲੋੜਵੰਦਾਂ ਤੱਕ ਪਹੁੰਚਾਉਣ ਲਈ ਅਧਿਕਾਰੀ ਜਿੰਮੇਵਾਰੀ ਨਾਲ ਕੰਮ ਕਰਨ : ਹਰਜੋਤ ਬੈਂਸ

## ਲੋਕਾਂ ਦੀਆਂ ਮੁਸ਼ਕਿਲਾ ਦੇ ਨਿਪਟਾਰੇ ਲਈ ਹਰਜੋਤ ਬੈਂਸ ਕੈਬਨਿਟ ਮੰਤਰੀ ਵੱਲੋਂ ਲੋਕ ਮਿਲਣੀ ਨਿਰੰਤਰ ਜਾਰੀ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਹਰ ਐਤਵਾਰ ਉਲੀਕੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਹਲਕਾ ਵਿਧਾਇਕ, ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਮ ਲੋਕਾਂ ਦੇ ਰੂਬਰੂ ਹੋ ਕੇ ਉਨ੍ਹਾਂ ਦੀਆਂ ਮੁਸ਼ਕਿਲਾ ਦਾ ਨਿਪਟਾਰਾ ਤੇ ਸਮੱਸਿਆਵਾ ਦਾ ਢੁਕਵਾ ਹੱਲ ਕੀਤਾ ਜਾ ਰਿਹਾ ਹੈ। ਨਿਰੰਤਰ ਜਾਰੀ ਲੋਕ ਮਿਲਣੀ ਪ੍ਰੋਗਰਾਮ ਤਹਿਤ ਗੰਭੀਰਪੁਰ ਵਿੱਚ ਇਲਾਕੇ ਦੇ ਲੋਕਾਂ ਦੇ ਭਰਵਾ ਤੇ ਪ੍ਰਭਾਵਸ਼ਾਲੀ ਇਕੱਠ ਵਿੱਚ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਪੰਜਾਬ ਸਰਕਾਰ ਦੇ ਲੋਕਪੱਖੀ ਫੈਸਲਿਆਂ ਦੀ ਵੀ ਚਰਚਾ ਕੀਤੀ ਜਾਂਦੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੋਕਹਿੱਤ ਵਿਚ ਲਏ ਜਾ ਰਹੇ ਫੈਸਲਿਆਂ ਲਈ ਇਲਾਕਾ ਵਾਸੀਆਂ ਵੱਲੋਂ ਉਨ੍ਹਾਂ ਦਾ ਵਿਸ਼ੇਸ ਧੰਨਵਾਦ ਕੀਤਾ ਜਾ ਰਿਹਾ ਹੈ।

ਅੱਜ ਗੰਭੀਰਪੁਰ ਵਿੱਚ ਹਰ ਐਤਵਾਰ ਦੀ ਤਰਾਂ ਸਵੇਰ ਤੋਂ ਹੀ ਇਲਾਕੇ ਦੇ ਲੋਕਾਂ ਦਾ ਭਰਵਾ ਤੇ ਪ੍ਰਭਾਵਸ਼ਾਲੀ ਇਕੱਠ ਹੋਇਆ ਅਤੇ ਆਮ ਲੋਕਾਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਸੀ, ਜਿਸ ਉਪਰੰਤ ਸ.ਬੈਂਸ ਸਬੰਧਿਤ ਵਿਭਾਗਾ ਦੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਮੁਸ਼ਕਿਲਾਂ ਦੇ ਢੁਕਵੇ ਹੱਲ ਕਰਨ ਲਈ ਨਿਰਦੇਸ਼ ਦੇ ਰਹੇ ਸਨ। ਸ.ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ "ਸਰਕਾਰ ਤੁਹਾਡੇ ਦੁਆਰ" ਪ੍ਰੋਗਰਾਮ ਉਲੀਕਿਆ ਹੈ, ਜਿਸ ਦਾ ਮਨੌਰਥ ਦੂਰ ਦੁਰਾਂਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨਾ ਅਤੇ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਆਮ ਤੌਰ ਤੇ ਉਪ ਮੰਡਲ ਤੇ ਜਿਲ੍ਹਾ ਦਫਤਰ ਦੂਰ ਹੋਣ ਕਾਰਨ ਬਹੁਤ ਸਾਰੇ ਲੋਕ ਆਉਣ ਜਾਣ ਦੀ ਖੱਜਲ ਖੁਆਰੀ, ਸਮੇਂ ਦੀ ਘਾਟ ਕਾਰਨ ਆਪਣੀਆਂ ਮੁਸ਼ਕਿਲਾਂ ਹੱਲ ਕਰਵਾਉਣ ਤੋਂ ਵਾਂਝੇ ਰਹਿ ਜਾਂਦੇ ਹਨ, ਪ੍ਰੰਤੂ ਹੁਣ ਸਰਕਾਰ ਨੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਸੁਰੂ ਕਰਕੇ ਬੇਲੋੜੀ ਖੱਜਲ ਖੁਆਰੀ ਖਤਮ ਕਰਨ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਜਿਲ੍ਹਾ ਪ੍ਰਸਾਸ਼ਨ ਵੱਲੋਂ ਹਰ ਵੀਰਵਾਰ ਜਿਲ੍ਹੇ ਦੇ ਕਿਸੇ ਨਾ ਕਿਸੇ ਪਿੰਡ ਵਿੱਚ ਜਾ ਕੇ ਜਨਤਾ ਦੀਆਂ ਮੁਸ਼ਕਿਲਾ ਹੱਲ ਕਰਨ ਲਈ ਕੈਂਪ ਲਗਾਏ ਜਾਂਦੇ ਹਨ, ਜਿੱਥੇ ਡਿਪਟੀ ਕਮਿਸ਼ਨਰ ਤੇ ਜਿਲ੍ਹੇ ਦੇ ਵੱਖ ਵੱਖ ਵਿਭਾਗਾ ਦੇ ਅਧਿਕਾਰੀ, ਸਬੰਧਿਤ ਉਪ ਮੰਡਲ ਦੇ ਅਧਿਕਾਰੀ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਦੇ ਹਨ। ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਇਨ੍ਹਾਂ ਕੈਂਪਾਂ ਵਿੱਚ ਵੱਖ ਵੱਖ ਵਿਭਾਗਾਂ ਵੱਲੋ ਸਟਾਲ ਲਗਾ ਕੇ ਦਿੱਤੀ ਜਾਂਦੀ ਹੈ। ਸ.ਬੈਂਸ ਨੇ ਕਿਹਾ ਕਿ ਸਾਡੀ ਸਰਕਾਰ ਆਪਸੀ ਤਾਲਮੇਲ, ਮਿਲਵਰਤਨ ਤੇ ਲੋਕਾਂ ਵਿੱਚ ਭਾਈਚਾਰਕ ਸਾਝ ਦੀ ਹਮਾਇਤ ਕਰਦੀ ਹੈ ਤੇ ਇਸ ਲਈ ਪ੍ਰਸਾਸ਼ਨ ਦੇ ਅਧਿਕਾਰੀ ਉਸਾਰੂ ਭੂਮਿਕਾ ਨਿਭਾ ਰਹੇ ਹਨ। ਇਸ ਮੌਕੇ ਡਾ.ਸੰਜੀਵ ਗੌਤਮ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਟਰੱਕ ਯੂਨੀਅਨ ਪ੍ਰਧਾਨ, ਜਸਪਾਲ ਸਿੰਘ ਢਾਹੇ, ਸੋਹਣ ਸਿੰਘ ਬੈਂਸ, ਬਲਵਿੰਦਰ ਕੌਰ ਬੈਂਸ, ਰਾਕੇਸ ਕੁਮਾਰ ਮਹਿਲਮਾ, ਪ੍ਰਿੰ.ਰਾਮ ਗੋਪਾਲ, ਪੱਮੂ ਢਿੱਲੋਂ, ਸਰਬਜੀਤ ਸਿੰਘ ਭਟੋਲੀ, ਜਸਵਿੰਦਰ ਬਾਂਠ, ਨਿਤਿਨ ਪੁਰੀ, ਨਿਤਿਨ ਬਾਸੋਵਾਲ, ਅੰਕੁਸ਼ ਪਾਠਕ, ਬਬਲੂ ਬਾਸੋਵਾਲ, ਮਨੂੰ ਪੁਰੀ, ਸੁਰਿੰਦਰ ਥਲੂਹ ਆਦਿ ਹਾਜ਼ਰ ਸਨ।

## ਅਜ਼ਾਦੀ ਦਿਵਸ ਮੌਕੇ ਜ਼ਿਲ੍ਹਾ ਵਾਸੀ ਆਪਣੇ ਘਰਾਂ ਉੱਤੇ ਵੀ ਤਿਰੰਗਾ ਝੰਡਾ ਲਹਿਰਾਉਣ - ਡਿਪਟੀ ਕਮਿਸ਼ਨਰ



**• ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 13 ਤੋਂ 15 ਅਗਸਤ ਤੱਕ ਆਪਣੇ ਘਰਾਂ ਅਤੇ ਕਾਰੋਬਾਰ ਵਾਲੀਆਂ ਥਾਵਾਂ 'ਤੇ ਰਾਸ਼ਟਰੀ ਝੰਡਾ ਜਰੂਰ ਲਹਿਰਾਉਣ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਜ਼ਿਲ੍ਹੇ ਵਿੱਚ ਹਰ ਸਰਕਾਰੀ ਇਮਾਰਤ 'ਤੇ ਵੀ ਪੂਰੇ ਸਨਮਾਨ ਨਾਲ ਤਿਰੰਗਾ ਝੰਡਾ ਲਹਿਰਾਇਆ ਜਾਵੇਗਾ। ਦੇਸ਼ ਦੇ ਕੌਮੀ ਝੰਡੇ ਦੇ ਮਾਣ ਸਨਮਾਨ ਸਬੰਧੀ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸਾਡਾ ਤਿਰੰਗਾ ਸਾਡੇ ਲਈ ਬਹੁਤ ਸਤਿਕਾਰਯੋਗ ਹੈ। ਝੰਡਾ ਸੂਤ/ਪੋਲੀਸਟਰ/ਊਨ/ਸਿ?ਲਕ ਖਾਦੀ ਤੋਂ ਬਣਿਆ ਹੋਵੇ। ਆਮ ਲੋਕ ਵੀ ਆਪਣੇ ਘਰਾਂ ਉਤੇ ਝੰਡਾ ਲਹਿਰਾ ਸਕਦੇ ਹਨ ਅਤੇ ਆਮ ਲੋਕਾਂ ਦੇ ਘਰਾਂ ਉਤੇ ਤਿਰੰਗਾ ਦਿਨ ਰਾਤ ਲਹਿਰਾਇਆ ਰਹਿ ਸਕਦਾ ਹੈ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜ਼ਸ਼ਨ-ਏ-ਅਜ਼ਾਦੀ ਨੂੰ ਪੂਰੇ ਉਤਸ਼ਾਹ ਨਾਲ ਮਨਾਉਂਦੇ ਹੋਏ ਆਪਣੇ ਘਰਾਂ ਅਤੇ ਕਾਰੋਬਾਰੀ ਸਥਾਨਾਂ ਤੇ ਤਿਰੰਗਾ ਝੰਡਾ ਜਰੂਰ ਲਹਿਰਾਉਣ।

# ਟੋਪਨ ਸਪੈਸ਼ਲਿਟੀ ਫਿਲਮਜ਼ ਰੈਲਮਾਜਰਾ ਸਕੂਲ ਦੇ ਬੱਚਿਆਂ ਨੂੰ ਸੁਤੰਤਰਤਾ ਦਿਵਸ ਦਾ ਤੋਹਫਾ

## ਕੰਪਨੀ ਵੱਲੋਂ ਸ਼ੁਭ ਮੌਕੇ 'ਤੇ ਬੱਚਿਆਂ ਨੂੰ ਡਾਈਨਿੰਗ ਹਾਲ ਸਮਰਪਿਤ ਕੀਤਾ





**• ਬਲਾਚੌਰ /ਕਾਠਗੜ੍ਹ/ ਜਤਿੰਦਰ ਪਾਲ ਸਿੰਘ ਕਲੇਰ**

ਟੋਪਨ ਸਪੈਸ਼ਲਿਟੀ ਫਿਲਮਜ਼ ਰੈਲਮਾਜਰਾ ਨੇ ਅੱਜ ਸਰਕਾਰੀ ਸਕੂਲ ਰੈਲਮਾਜਰਾ ਸਕੂਲ ਦੇ ਬੱਚਿਆਂ ਨੂੰ ਆਜ਼ਾਦੀ ਦੇ ਦਿਹਾੜੇ ਨੂੰ ਸਮਰਪਿਤ ਤੋਹਫ਼ਾ ਦਿੱਤਾ ਕੰਪਨੀ ਵੱਲੋਂ ਸ਼ੁਭ ਮੌਕੇ 'ਤੇ ਬੱਚਿਆਂ ਨੂੰ ਡਾਈਨਿੰਗ ਹਾਲ ਸਮਰਪਿਤ ਕੀਤਾ। ਕੰਪਨੀ ਦਾ ਸੀ ਐਸ ਆਰ ਪ੍ਰੋਗਰਾਮ ਇਸ ਤਹਿਤ ਇਹ ਡਾਇਨਿਗ ਹਾਲ ਤਿਆਰ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਕੰਪਨੀ ਦੇ ਸੀ.ਈ.ਓ ਸ੍ਰੀ ਮਨੋਹਰ ਨੇ ਕੀਤਾ। ਅਤੇ ਸਕੂਲ ਪ੍ਰਬੰਧਕਾਂ ਨੂੰ ਸੌਂਪ ਦਿੱਤਾ। ਇਸ ਸਹੂਲਤ ਕਾਰਨ ਬੱਚੇ ਹੁਣ ਸਾਫ਼-ਸੁਥਰੇ ਵਾਤਾਵਰਨ ਵਿੱਚ ਆਰਾਮ ਨਾਲ ਬੈਠ ਕੇ ਮਿਡ ਡੇ ਮੀਲ ਖਾ ਸਕਦੇ ਹਨ। ਜ਼ਿਕਰਯੋਗ ਹੈ ਕਿ ਕੰਪਨੀ ਵੱਲੋਂ ਇਹ ਡਾਇਲਿੰਗ ਹਾਲ ਬਣਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਗਿਆ ਸੀ। ਡਾਇਨਿੰਗ ਹਾਲ ਵਿੱਚ ਸਾਫ਼-ਸਫ਼ਾਈ ਅਤੇ ਹਵਾਦਾਰ ਵਾਤਾਵਰਨ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਬੱਚੇ ਦੀ ਸੀਟ ਬੈਠਣ ਲਈ ਆਰਾਮਦਾਇਕ ਹੈ ਇਸਦੇ ਲਈ ਇੱਕ ਨਿਸ਼ਚਿਤ ਸਮਾਂ ਸੀਮਾ ਹੈ। ਕੰਧਾਂ 'ਤੇ ਟਾਈਲਾਂ ਵੀ ਹਨ ਜੋ ਇਸਨੂੰ ਸੁੰਦਰ ਬਣਾਉਂਦੀਆਂ ਹਨ। ਹਨ ਹਾਲ ਹੀ ਵਿੱਚ ਅੱਠ ਪੱਖੇ ਲਗਾਏ ਗਏ ਹਨ ਤਾਂ ਜੋ ਬੱਚੇ ਆਰਾਮ ਨਾਲ ਬੈਠ ਕੇ ਖਾਣਾ ਖਾ ਸਕਣਗੇ ਉਨ੍ਹਾਂ ਨੂੰ ਧੂੜ ਭਰੇ ਵਰਾਂਡੇ 'ਚ ਬੈਠ ਕੇ ਅਤੇ ਗਰਮੀ 'ਚ ਖਾਣਾ ਖਾਣ ਤੋਂ ਰਾਹਤ ਮਿਲੇਗੀ। ਇਸ ਮੌਕੇ ਕੰਪਨੀ ਦੇ ਸੇਨਵਨੀਤ ਮਲਹੋਤਰਾ, ਕੀਰਤ ਬਰਾੜ ਹੈੱਡ ਐਚ.ਆਰ., ਤਪਸ ਮੋਂਡੀ, ਲੰਤੇਸ਼, ਸ. ਪ੍ਰਦੀਪ, ਸਵਰਨ ਸਿੰਘ, ਨਰਰੋਨਿਰ ਕੁਮਾਰ, ਸੁਖਲਵੀਰ ਸਿੰਘ, ਗੁਰਮੁੱਖ ਸਿੰਘ ਅਤੇ ਪੀ.ਕੇ ਵਰਮਾ ਹਾਜ਼ਰ ਸਨ। ਸ਼੍ਰੀਮਾਨ ਮਨੋਹਰ ਅਤੇ ਮੈਡਮ ਕੀਰਤੀ ਬਰਾੜ ਨੇ ਅੱਗੇ ਵੀ ਸਕੂਲ ਨੂੰ ਆਪਣਾ ਸਹਿਯੋਗ ਜਾਰੀ ਰੱਖਣ ਦੀ ਗੱਲ ਕਹੀ। ਸਕੂਲ ਦੀ ਕੁੰਜੀਮੁਖੀ ਵਰਿੰਦਰਜੀਤ ਕੌਰ, ਸਕੂਲ ਸਟਾਫ਼ ਅਤੇ ਬੱਚਿਆਂ ਨੇ ਸ੍ਰੀ ਕੇ ਮਨੋਹਰ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਟੀਮ ਅਤੇ ਕੰਪਨੀ ਦਾ ਧੰਨਵਾਦ ਕੀਤਾ। ਸਰਪੰਚ ਦੌਲਤ ਰਾਮ, ਬਿਲਵਾਨ ਸਿੰਘ ਅਤੇ ਸੇਠੀ ਸਿੰਘ ਵੀ ਕੰਪਨੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਖੁਸ਼ੀ ਦੇ ਮੌਕੇ 'ਤੇ ਟੋਪਨ ਕੰਪਨੀ ਵੱਲੋਂ ਸੀਨੀਅਰ ਸੈਕੰਡਰੀ ਅਤੇ ਪ੍ਰਾਇਮਰੀ ਸਕੂਲ ਦੇ ਸਾਰੇ ਬੱਚਿਆਂ ਨੂੰ ਬਿਸਕੁਟ ਦੇ ਪੈਕੇਟ ਵੀ ਭੇਂਟ ਕੀਤੇ ਗਏ।